Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 163 | Wednesday, August 26, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਨੂੰ ਦੋ ਬਿਲੀਅਨ ਡਾਲਰ ਹੋਰ ਮੁਹੱਈਆ ਕਰਾਵੇਗੀ ਫੈਡਰਲ ਸਰਕਾਰ : ਟਰੂਡੋ



ਓਟਵਾ, 25 ਅਗਸਤ (ਪੋਸਟ ਬਿਊਰੋ) : ਅਗਲੇ ਮਹੀਨੇ ਤੋਂ ਬੱਚੇ ਸੁਰੱਖਿਅਤ ਢੰਗ ਨਾਲ ਸਕੂਲ ਜਾ ਸਕਣ ਇਸ ਲਈ ਫੈਡਰਲ ਸਰਕਾਰ ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਨੂੰ ਦੋ ਬਿਲੀਅਨ ਡਾਲਰ ਦੀ ਹੋਰ ਰਕਮ ਮੁਹੱਈਆ ਕਰਵਾ ਰਹੀ ਹੈ। ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਬੁੱਧਵਾਰ ਨੂੰ ਟੋਰਾਂਟੋ ਦੇ ਸਕੂਲ ਵਿੱਚ ਐਲਾਨ ਕੀਤਾ ਜਾਵੇਗਾ। ਟਰੂਡੋ ਵੱਲੋਂ ਕੋਵਿਡ-19 ਨਾਲ ਸੰਘਰਸ਼ ਕਰ ਰਹੇ ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਨੂੰ ਪਹਿਲਾਂ 19 ਬਿਲੀਅਨ ਡਾਲਰ ਦੀ ਮਦਦ ਦਾ ਜੋ ਵਾਅਦਾ ਕੀਤਾ ਗਿਆ ਸੀ, ਇਹ ਰਕਮ ਉਸ ਤੋਂ ਵੱਖਰੀ ਹੋਵੇਗੀ। ਇਸ ਯੋਜਨਾ ਬਾਰੇ ਟਰੂਡੋ ਨੇ ਮੰਗਲਵਾਰ ਦੁਪਹਿਰ ਨੂੰ ਕਾਨਫਰੰਸ ਕਾਲ ਦੌਰਾਨ ਪ੍ਰੀਮੀਅਰਜ਼ ਨੂੰ ਜਾਣੂ ਕਰਵਾਇਆ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਸੂਤਰਾਂ ਨੇ ਦੱਸਿਆ ਕਿ ਇਹ ਰਕਮ ਹਰੇਕ ਪ੍ਰੋਵਿੰਸ ਤੇ ਟੈਰੇਟਰੀ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਹਿਸਾਬ ਨਾਲ ਵੰਡੀ ਜਾਵੇਗੀ। ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਆਪਣੀਆਂ ਲੋੜਾਂ ਦੇ ਹਿਸਾਬ ਨਾਲ ਇਸ ਦੀ ਵਰਤੋਂ ਕਰ ਸਕਣਗੇ।

## ਗੱਡੀ ਵੱਲੋਂ ਮਾਰੀ ਗਈ ਫੇਟ ਕਾਰਨ ਸਾਈਕਲਿਸਟ ਗੰਭੀਰ ਜ਼ਖ਼ਮੀ



ਟੋਰਾਂਟੋ, 25 ਅਗਸਤ (ਪੋਸਟ ਬਿਊਰੋ) : ਡੇਵਿਸਵਿਲ ਵਿਲੇਜ ਏਰੀਆ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਸਾਈਕਲਿਸਟ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ।

ਇਹ ਹਾਦਸਾ ਯੌਂਜ ਸਟਰੀਟ ਤੇ ਡੇਵਿ-ਸਵਿਲ ਐਵਨਿਊ ਨੇੜੇ ਰਾਤੀ 7:15 ਵਜੇ ਵਾਪਰਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਸਾਇਕਲਿਸਟ ਜ਼ਮੀਨ ਉੱਤੇ ਡਿੱਗਿਆ ਮਿਲਿਆ ਤੇ ਉਸ ਦੇ ਸਿਰ ਉੱਤੇ ਗੰਭੀਰ ਸੱਟ ਲੱਗੀ ਸੀ।

ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਉਸ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਘਟਨਾ ਤੋਂ ਬਾਅਦ ਇਸ ਇਲਾਕੇ ਦੀਆਂ ਰੋਡਜ਼ ਬਲਾਕ ਕਰ ਦਿੱਤੀਆਂ ਗਈਆਂ ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸਿਆਸੀ ਚਾਲਾਂ ਚੱਲ ਰਹੀਆਂ ਹਨ ਵਿਰੋਧੀ ਧਿਰਾਂ : ਫੋਰਡ



ਓਨਟਾਰੀਓ, 25 ਅਗਸਤ (ਪੋਸਟ ਬਿਊਰੋ) : ਆਪਣੇ ਬੈਕ ਟੂ ਸਕੂਲ ਪਲੈਨ ਦਾ ਪ੍ਰਚਾਰ ਕਰਨ ਲਈ ਫੋਰਡ ਸਰਕਾਰ ਵੱਲੋਂ ਅੱਜਕੱਲ੍ਹ ਨਵੀਂ ਐਡਵਰਟਾਈਜ਼ਿੰਗ ਕੈਂਪੇਨ ਸ਼ੁਰੂ ਕੀਤੀ ਗਈ ਹੈ।

ਅੱਜ ਇਟੋਬੀਕੋ ਵਿੱਚ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਜਿਹੜੇ ਸਿਆਸਤਦਾਨ ਇਨ੍ਹਾਂ ਇਸ਼ਤਿਹਾਰਾਂ ਦਾ ਵਿਰੋਧ ਕਰ ਰਹੇ ਹਨ ਉਹ ਹੋਰ ਕੁੱਝ ਨਹੀਂ ਸਗੋਂ ਸਿਆਸੀ ਚਾਲਾਂ ਚੱਲ ਰਹੇ ਹਨ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ ਉਹ ਗਲਤ ਹੋਣ ਪਰ ਮਾਪਿਆਂ ਨਾਲ ਗੱਲਬਾਤ ਕਰਨਾ ਬੇਹੱਦ ਜ਼ਰੂਰੀ ਹੈ। ਜਿਹੜੀ ਗੰਦੀ ਰਾਜਨੀਤੀ ਦਾ ਸਹਾਰਾ ਹੋਰ ਲੋਕ ਲੈ ਰਹੇ ਹਨ ਅਸੀਂ ਉਸ ਵਿੱਚ ਨਹੀਂ ਪੈਣਾ ਚਾਹੁੰਦੇ।

ਓਨਟਾਰੀਓ ਦੀ ਐਨਡੀਪੀ ਆਗੂ ਐਂਡਰੀਆ ਹੌਰਵਥ ਤੇ ਉਨ੍ਹਾਂ ਦੇ ਪਾਰਟੀ ਮੈਂਬਰਾਂ ਤੋਂ ਇਲਾਵਾ ਲਿਬਰਲ ਪਾਰਟੀ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਜਿਨ੍ਹਾਂ ਪੈਸਿਆਂ ਨਾਲ ਇਹ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ ਉਹ ਹੋਰਨਾਂ ਜ਼ਰੂਰੀ ਥਾਂਵਾਂ ਉੱਤੇ ਲਾਏ ਜਾਣੇ ਚਾਹੀਦੇ ਹਨ।

## ਕੰਜ਼ਰਵੇਟਿਵ ਪਾਰਟੀ ਚੋਣਾਂ ਲਈ ਤਿਆਰ ਬਰ ਤਿਆਰ : ਓਟੂਲੇ




ਓਟਵਾ, 25 ਅਗਸਤ (ਪੋਸਟ ਬਿਊਰੋ) : ਨਵੇਂ ਕੰਜ਼ਰਵੇਟਿਵ ਆਗੂ ਐਰਿਨ ਓਟੂਲੇ ਦਾ ਕਹਿਣਾ ਹੈ ਕਿ ਜੇ ਹੁਣੇ ਚੋਣਾਂ ਦਾ ਮਾਹੌਲ ਬਣਦਾ ਹੈ ਤਾਂ ਉਨ੍ਹਾਂ ਦੀ ਪਾਰਟੀ ਚੋਣਾਂ ਲਈ ਤਿਆਰ ਬਰ ਤਿਆਰ ਹੈ। ਪਰ ਉਨ੍ਹਾਂ ਇਹ ਸੰਕੇਤ ਨਹੀਂ ਦਿੱਤਾ ਕਿ ਕੀ ਉਨ੍ਹਾਂ ਦੇ ਕਾਕਸ ਵੱਲੋਂ ਹੀ ਤਾਂ ਇਨ੍ਹਾਂ ਚੋਣਾਂ ਲਈ ਮਾਹੌਲ ਤਿਆਰ ਨਹੀਂ ਕੀਤਾ ਜਾ ਰਿਹਾ।

ਇਸ ਤੋਂ ਉਲਟ ਓਟੂਲੇ ਨੇ ਆਖਿਆ ਕਿ ਮਹਾਂਮਾਰੀ ਦੌਰਾਨ ਚੋਣਾਂ ਲਈ ਮਾਹੌਲ ਤਿਆਰ ਕਰਨਾ ਲਿਬਰਲਾਂ ਦੀ ਕੋਸ਼ਿਸ਼ ਹੋ ਸਕਦੀ ਹੈ। ਓਟੂਲੇ ਤੇ ਪ੍ਰਧਾਨ ਮੰਤਰੀ ਵੱਲੋਂ ਸੋਮਵਾਰ ਨੂੰ ਫੋਨ ਉੱਤੇ ਗੱਲਬਾਤ ਕੀਤੀ ਗਈ। ਦੋਵਾਂ ਧਿਰਾਂ ਦੇ ਆਫਿਸ ਵੱਲੋਂ ਇਸ ਨੂੰ ਸਕਾਰਾਤਮਕ ਗੱਲਬਾਤ ਦੱਸਿਆ ਗਿਆ। ਪਰ ਇਸ ਤੋਂ ਕੁੱਝ ਸਮੇਂ ਬਾਅਦ ਹੀ ਦੋਵੇਂ ਆਗੂ ਅਗਲੀਆਂ ਫੈਡਰਲ ਚੋਣਾਂ ਦਾ ਮੁੱਢ ਬੰਨ੍ਹਣ ਲਈ ਇੱਕਦੂਜੇ ਉੱਤੇ ਤੁਹਮਤਾਂ ਲਾਉਂਦੇ ਵੇਖੇ ਗਏ।

ਹਾਲਾਂਕਿ ਅਗਲੀਆਂ ਫੈਡਰਲ ਚੋਣਾਂ ਸਾਲ 2022 ਤੋਂ ਪਹਿਲਾਂ ਨਿਰਧਾਰਤ ਨਹੀਂ ਹਨ ਪਰ ਵੁਈ ਚੈਰਿਟੀ ਵਿਵਾਦ ਦੇ ਚੱਲਦਿਆਂ ਟਰੂਡੋ ਤੋਂ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਬਲਾਕ ਕਿਊਬਿਕੁਆ ਤੇ ਕੰਜ਼ਰਵੇਟਿਵਾਂ ਵੱਲੋਂ ਸਰਕਾਰ ਖਿਲਾਫ ਬੇਭਰੋਸਗੀ ਮਤਾ ਲਿਆਂਦੇ ਜਾਣ ਦੀਆਂ ਦਿੱਤੀਆਂ ਜਾ ਰਹੀਆਂ ਧਮਕੀਆਂ ਦੇ ਚੱਲਦਿਆਂ ਇਹ ਚੋਣਾਂ ਜਲਦ ਹੋਣ ਦੀ ਸੰਭਾਵਨਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਮੌਜੂਦਾ ਐਮਪੀ ਹੋਣ ਕਾਰਨ ਪਹਿਲੇ ਦਿਨ ਤੋਂ ਹੀ ਓਟੂਲੇ ਵੱਲੋਂ ਲਿਬਰਲਾਂ ਦੀ ਜਵਾਬਦੇਹੀ ਪੱਕੀ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਆਪਣੀ ਜਿੱਤ ਤੋਂ ਬਾਅਦ ਉਨ੍ਹਾਂ ਇਹ ਵੀ ਆਖਿਆ ਸੀ ਕਿ ਇਸ ਸਮੇਂ ਕੋਵਿਡ-19 ਮਹਾਂਮਾਰੀ ਕਾਰਨ ਚੋਣਾਂ ਨਾਲੋਂ ਕੈਨੇਡੀਅਨਾਂ ਦੀ ਸੁਰੱਖਿਆ ਉਨ੍ਹਾਂ ਲਈ ਵਧੇਰੇ ਮਾਇਨੇ ਰੱਖਦੀ ਹੈ।

## ਹੁਣ ਸੁਣਨ ਨੂੰ ਨਹੀਂ ਮਿਲੇਗਾ ਫਿੰਗਰ ਲਿਕਿੰਗ ਗੁੱਡ




ਵਾਸ਼ਿੰਗਟਨ, 25 ਅਗਸਤ (ਪੋਸਟ ਬਿਊਰੋ) : ਹੁਣ ਫਿੰਗਰ ਲਿਕਿੰਗ ਗੁੱਡ ਸਲੋਗਨ ਜਲਦੀ ਸੁਣਨ ਨੂੰ ਨਹੀਂ ਮਿਲੇਗਾ। ਕੈਂਟਕੀ ਫਰਾਈਡ ਚਿਕਨ (ਕੇਐਫਸੀ) ਨੇ ਇਹ ਫੈਸਲਾ ਕੀਤਾ ਹੈ ਕਿ ਦੁਨੀਆ ਭਰ ਵਿੱਚ ਫੈਲੀ ਕਰੋਨ-ਾਵਾਇਰਸ ਮਹਾਂਮਾਰੀ ਕਾਰਨ ਉਨ੍ਹਾਂ ਵੱਲੋਂ ਇਸ ਸਲੋਗਨ ਦੀ ਵਰਤੋਂ ਹਾਲ ਦੀ ਘੜੀ ਨਹੀਂ ਕੀਤੀ ਜਾਵੇਗੀ। ਕੰਪਨੀ ਪਿਛਲੇ 64 ਸਾਲਾਂ ਤੋਂ ਇਸ ਸਲੋਗਨ ਦੀ ਵਰਤੋਂ ਕਰਦੀ ਆਈ ਹੈ।

ਕੇਐਫਸੀ ਦੀ ਗਲੋਬਲ ਚੀਫ ਮਾਰਕਿਟਿੰਗ ਆਫੀਸਰ ਕੈਥਰੀਨ ਟੈਨ ਗਿਲੈਸਪੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਸ ਸਮੇਂ ਅਸੀਂ ਵੱਖਰੇ ਹਾਲਾਤ ਵਿੱਚ ਹਾਂ ਤੇ ਮੌਜੂਦਾ ਮਾਹੌਲ ਵਿੱਚ ਸਾਡਾ ਇਹ ਸਲੋਗਨ ਢੁਕਵਾਂ ਨਹੀਂ ਬੈਠਦਾ। ਕੰਪਨੀ ਨੇ ਇਹ ਵੀ ਸਪਸ਼ਟ ਕੀਤਾ ਕਿ ਮੈਨਿਊ ਨਹੀਂ ਬਦਲ ਰਿਹਾ ਤੇ ਕੰਪਨੀ ਇਸ ਸਲੋਗਨ ਤੋਂ ਖਹਿੜਾ ਵੀ ਨਹੀਂ ਛੁਡਾ ਰਹੀ ਬੱਸ ਜਦੋਂ ਢੁਕਵਾਂ ਸਮਾਂ ਆਵੇਗਾ ਤਾਂ ਇਸ ਸਲੋਗਨ ਨੂੰ ਮੁੜ ਸ਼ੁਰੂ ਕਰ ਦਿੱਤਾ ਜਾਵੇਗਾ।

ਕੇਐਫਸੀ ਵੱਲੋਂ ਮਾਰਚ ਵਿੱਚ ਆਪਣੇ ਬਹੁਤੇ ਰੈਸਟੋਰੈਂਟਸ ਬੰਦ ਕਰ ਦਿੱਤੇ ਗਏ ਸਨ। ਪਰ ਇਨ੍ਹਾਂ ਤਣਾਅ ਭਰੇ ਸਮਿਆਂ ਵਿੱਚ ਲੋਕਾਂ ਵੱਲੋਂ ਮੰਗ ਕੀਤੇ ਜਾਣ ਤੋਂ ਬਾਅਦ ਕੇਐਫਸੀ ਨੇ ਨਵੇਂ ਸੇਫਟੀ ਫੀਚਰਜ਼ ਤੇ ਸਿਹਤ ਸਬੰਧੀ ਪ੍ਰੋਟੋਕਾਲ ਸ਼ੁਰੂ ਕੀਤੇ ਸਨ।

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axael InsuranceBrokers Ltd. | 1332 Khalsa Dr, Unit # 11, Mississauga, ON L5S 0A2

Law Office of Aman Sharma
-Real Estate -Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
2456 Lake shore Blvd W., Etobicoke, ON
905-451-0379
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਪੰਜਾਬ ਸਰਕਾਰ ਦਾ ਫੈਸਲਾ: ਸ੍ਰੀ ਗੁਰੂ ਤੇਗ ਬਹਾਦਰ ਯੂਨੀਵਰਸਿਟੀ ਆਫ਼ ਲਾਅ ਤਰਨ ਤਾਰਨ ਵਿੱਚ ਬਣੇਗੀ



ਚੰਡੀਗੜ੍ਹ, 25 ਅਗਸਤ, (ਪੋਸਟ ਬਿਊਰੋ)- ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਨੇ ਸਰਹੱਦੀ ਜ਼ਿਲ੍ਹੇ ਤਰਨਤਾਰਨ ਵਿੱਚ ਲਾਅ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਐਲਾਨ ਕੀਤਾ ਸੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਰਾਜ ਸਰਕਾਰ ਨੇ 'ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ਼ ਲਾਅ ਬਿੱਲ-2020' ਨੂੰ ਵਿਧਾਨ ਸਭਾ ਸੈਸ਼ਨ ਵਿੱਚ ਪੇਸ਼ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਬਿੱਲ ਦਾ ਖਰੜਾ ਉਚੇਰੀ ਸਿੱਖਿਆ ਵਿਭਾਗ ਨੇਬਣਾਇਆ ਹੈ। ਇਸ ਯੂਨੀਵਰਸਿਟੀ ਦਾ ਉਦੇਸ਼ ਹਰ ਪੱਧਰ ਉੱਤੇ ਵਿਆਪਕ ਕਾਨੂੰਨੀ ਸਿੱਖਿਆ ਦੇਣਾ ਤੇ ਇਸ ਦਾ ਵਿਕਾਸ ਕਰਨਾ, ਅਧਿਐਨ ਕਰਨਾ ਤੇ ਕਾਨੂੰਨ ਦੀਆਂ ਸਾਰੀਆਂ ਸ਼ਾਖਾਵਾਂ ਵਿਚ ਖੋਜ ਨੂੰ ਉਤਸ਼ਾਹਤ ਕਰਨਾ ਹੋਵੇਗਾ। ਇਸ ਵਿੱਚ ਰੂਲ ਆਫ਼ ਲਾਅ, ਭਾਰਤ ਦੇ ਸੰਵਿਧਾਨ ਵਿਚ ਦਰਜ ਉਦੇਸ਼ਾਂ ਅਤੇ ਸਮਾਜਿਕ ਅਤੇ ਆਰਥਿਕ ਨਿਆਂ ਦੀ ਪ੍ਰਾਪਤੀ ਲਈ ਭਾਈਚਾਰੇ ਵਿਚ ਕਾਨੂੰਨੀ ਜਾਗਰੂਕਤਾ ਉਤਸ਼ਾਹਤ ਕਰਨ ਦੇ ਨਾਲ ਸੱਭਿਆਚਾਰਕ, ਕਾਨੂੰਨੀ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਉਤਸ਼ਾਹਤ ਕਰਨਾ ਵੀ ਸ਼ਾਮਲ ਹੋਵੇਗਾ।

# ਜਰਮਨੀ ਦਾ ਪਾਕਿ ਨੂੰ ਝਟਕਾ: ਅੱਤਵਾਦ ਦੇ ਦੋਸ਼ਾਂ ਕਾਰਨ ਲੁਕਵੀਆਂ ਪਣਡੁੱਬੀਆਂ ਬਣਾਉਣ ਲਈ ਮਦਦ ਕਰਨ ਤੋਂ ਇਨਕਾਰ



ਬਰਲਿਨ, 25 ਅਗਸਤ, (ਪੋਸਟ ਬਿਊਰੋ)- ਦੁਨੀਆ ਭਰ ਵਿਚ ਅੱਤਵਾਦ ਕਾਰਨ ਘਿਰੇ ਪਾਕਿਸਤਾਨ ਨੂੰ ਇਕ ਝਟਕਾਜਰਮਨੀ ਸਰਕਾਰ ਵੱਲੋਂ ਚਾਂਸਲਰ ਐਂਜਲਾ ਮਰਕੇਲ ਦੀ ਪ੍ਰਧਾਨਗੀ ਵਾਲੇਸਕਿਓਰਟੀ ਪੈਨਲ ਨੇ ਲਾ ਦਿਤਾ ਹੈ।

ਤਾਜ਼ਾ ਰਿਪੋਰਟ ਮੁਤਾਬਕ ਪਾਕਿਸਤਾਨ ਨੇ ਆਪਣੀਆਂ ਪਣਡੁੱਬੀਆਂ ਦੇ ਲਈ ਏਅਰ ਇੰਡੀਪੈਂਡੈਂਟ ਪ੍ਰੋਪਲਸ਼ਨ (ਏ ਆਈ ਪੀ) ਮੰਗਿਆ ਸੀ, ਜਿਸ ਤੋਂਜਰਮਨੀ ਨੇ ਨਾਂਹ ਕਰ ਦਿੱਤੀ ਹੈ। ਏ ਆਈ ਪੀ ਦੀ ਮਦਦ ਨਾਲ ਪਣਡੁੱਬੀਆਂ ਕਈ ਹਫਤੇ ਪਾਣੀ ਦੇ ਅੰਦਰ ਰਹਿ ਸਕਦੀਆਂ ਹਨ। ਜਰਮਨ ਫੈਡਰਲ ਸਕਿਓਰਟੀ ਕੌਂਸਲ ਨੇ ਪਾਕਿਸਤਾਨ ਨੂੰ ਇਹ ਫੈਸਲਾ 6 ਅਗਸਤ ਨੂੰ ਦੱਸ ਦਿੱਤਾ ਸੀ। ਪਾਕਿਸਤਾਨ ਨੇ ਆਪਣੀ ਇਨਵੈਂਨਟਰੀ ਵਿਚ ਪਣਡੁੱਬੀਆਂ ਨੂੰ ਅਪਗ੍ਰੇਡ ਕਰਨ ਦਾ ਕੰਮ ਸ਼ੁਰੂ ਕੀਤਾ ਸੀ। ਇਸ ਦੇ ਨਾਲ ਚੀਨ-ਪਾਕਿਸਤਾਨ ਦੇ ਸਾਂਝੇ ਪ੍ਰਾਜੈਕਟ ਹੇਠ ਬਣ ਰਹੀਆਂ ਯੁਆਨ ਕਲਾਸ ਦੀਆਂ ਪਣਡੁੱਬੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਏ ਆਈ ਪੀ ਸਿਸਟਮ ਨਾਲ ਪਣਡੁੱਬੀਆਂ ਦੀ ਜੰਗੀ ਸਮਰੱਥਾ ਵਧ ਜਾਂਦੀ ਹੈ, ਕਿਉਂਕਿ ਇਸ ਨਾਲ ਐਟਮੌਸਫੀਰਿਕ ਹਵਾ ਦੇ ਬਿਨਾਂ ਡੀਜਲ ਇੰਜਣ ਕਈ ਹਫਤੇ ਚੱਲ ਸਕਦੇ ਹਨ। ਰਵਾਇਤੀ ਪਣਡੁੱਬੀਆਂ ਨੂੰ ਹਰ ਦੂਜੇ ਦਿਨ ਸਤ੍ਹਾ ਉੱਤੇ ਪਰਤਣਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਦੇ ਫੜੇ ਜਾਣ ਦਾ ਡਰ ਹੁੰਦਾ ਹੈ।

ਜਰਮਨੀ ਤੋਂ ਆਈ ਰਿਪੋਰਟ ਵਿਚ ਕਿਹਾ ਗਿਆ ਹੈਕਿ ਜਰਮਨੀ ਨੇ ਪਾਕਿ-ਸਤਾਨ ਬਾਰੇ ਸਖਤ ਰਵੱਈਆ ਉਸ ਦੀ ਅੱਤਵਾਦ ਨੂੰ ਰੋਕਣਦੀ ਅਸਫਲਤਾ ਕਾਰਨ ਅਪਣਾਇਆ ਹੈ। ਖਾਸ ਕਰਕੇ ਇਸ ਲਈ ਵੀ ਕਿ ਸਾਲ 2017 ਵਿਚ ਕਾਬੁਲ ਵਿਚ ਜਰਮਨ ਅੰਬੈਸੀ ਉੱਤੇ ਹੋਏ ਬੰਬ ਧਮਾਕਿਆਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਤੋਂ ਪਾਕਿਸਤਾਨ ਸਰਕਾਰ ਅਸਫਲ ਰਹੀ ਹੈ। ਕਰੀਬ 150 ਲੋਕਾਂ ਦੀ ਜਾਨ ਲੈਣ ਵਾਲੇ ਇਹ ਧਮਾਕੇ ਪਾਕਿਸਤਾਨ ਤੋਂ ਚੱਲਦੇ ਹੱਕਾਨੀ ਨੈੱਟਵਰਕ ਨੇ ਕੀਤੇ ਸਨ।ਪਿੱਛੇ ਜਿਹੇ ਪਾਕਿਸਤਾਨ ਨੇ 88 ਪਾਬੰਦੀ ਸ਼ੁਦਾ ਅੱਤਵਾਦੀ ਸੰਗਠਨਾਂ ਅਤੇ ਉਨ੍ਹਾਂ ਦੇ ਮੁਖੀਆਂ ਉੱਤੇ ਕਾਰਵਾਈ ਦਾ ਦਾਅਵਾ ਕੀਤਾ ਸੀਤੇ ਇਸ ਸੂਚੀ ਵਿਚ ਅੰਡਰਵਰਲਡ ਡਾਨ ਦਾਊਦ ਇਬਰਾਹਿਮ ਦਾ ਨਾਮ ਸ਼ਾਮਲ ਕਰਕੇ ਉਸ ਨੇ ਮੰਨ ਲਿਆ ਸੀ ਕਿ ਦਾਊਦ ਪਾਕਿਸਤਾਨ ਵਿਚ ਹੈ। ਇਸ ਸੂਚੀ ਵਿਚ ਹਾਫਿਜ਼ ਸਈਦ ਤੇ ਮਸੂਦ ਅਜਹਰ ਵਰਗੇ ਅੱਤਵਾਦੀਆਂ ਅਤੇ ਉਨ੍ਹਾਂ ਦੇ ਸੰਗਠਨਾਂ ਦੇ ਨਾਮ ਵੀ ਸ਼ਾਮਲ ਸਨ, ਪਰ ਬਾਅਦ ਵਿੱਚ ਪਾਕਿਸਤਾਨ ਦਾਊਦ ਬਾਰੇ ਮੁੱਕਰ ਗਿਆ ਸੀ। ਜਰਮਨੀ ਨੂੰ ਸਭ ਤੋਂ ਵੱਧ ਰੋਸ ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਵਿਚਲੀ ਆਪਣੀ ਅੰਬੈਸੀ ਦੀ ਘਟਨਾ ਦੇ ਕਾਰਨ ਹੈ।

# ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕਰਨ ਵਾਸਤੇ 5 ਆਰਡੀਨੈਂਸਾਂ ਨੂੰ ਕੈਬਨਿਟ ਵੱਲੋਂ ਪ੍ਰਵਾਨਗੀ

ਚੰਡੀਗੜ੍ਹ, 25 ਅਗਸਤ, (ਪੋਸਟ ਬਿਊਰੋ)- ਪੰਜਾਬ ਸਰਕਾਰਵੱਲੋਂ ਪਹਿਲਾਂ ਜਾਰੀ ਕੀਤੇ ਪੰਜ ਆਰਡੀਨੈਂਸਾਂ ਨੂੰ ਵਿਧਾਨ ਸਭਾ ਸੈਸ਼ਨ ਵਿੱਚ ਪੇਸ਼ ਕਰਨਲਈਕੈਬਨਿਟ ਨੇ ਪ੍ਰਵਾਨ ਕਰ ਲਿਆ ਹੈ। ਇਨ੍ਹਾਂ ਵਿੱਚ ਪ੍ਰਾਈਵੇਟ ਕਲੀਨਿਕਾਂ ਨੂੰ ਰੈਗੂਲਰ ਕਰਨਾ, ਕੋਵਿਡ-19 ਦੇਦੌਰਾਨ ਕੁਝ ਕੈਦੀਆਂ ਦੀ ਰਿਹਾਈ, ਨਸ਼ਾ ਛੁਡਾਉਣ ਦੇ ਨਿੱਜੀ ਕੇਂ-ਦਰਾਂ ਵੱਲੋਂ ਦਵਾਈਆਂ ਦੀ ਵੰਡਰੈਗੂਲੇਟ ਕਰਨਾ, ਉਦਯੋਗਿਕ ਝਗੜਿਆਂ ਅਤੇ ਬਾਲ ਮਜ਼ਦੂਰੀ ਨਾਲ ਸਬੰਧਤ ਬਿੱਲ ਸ਼ਾਮਲ ਹਨ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਨਿੱਜੀ ਕਲੀਨਿਕ ਬਣਾਉਣ ਅਤੇ ਰਜਿਸਟਰ ਕਰਨ ਦਾਇਸ ਸਮੇਂ ਕੋਈ ਕਾਨੂੰਨ ਨਹੀਂ ਹੈ। ਇਸ ਬਾਰੇ ਆਰਡੀਨੈਂਸ ਲਾਗੂ ਕਰਨ ਦਾ ਅਰਥ ਕਲੀਨੀਕਲ ਅਦਾਰਿਆਂ ਨੂੰ ਪ੍ਰਬੰਧ ਹੇਠ ਲਿਆਉਣਾ ਹੈ ਤਾਂ ਜੋ ਇਨ੍ਹਾਂ ਦਾ ਕੰਮ ਪਾਰਦਰਸ਼ੀ ਹੋਣਾ ਯਕੀਨੀ ਕੀਤਾ ਜਾ ਸਕੇ। ਇਸ ਦਾ ਉਦੇਸ਼ ਜਨਤਕ ਇਲਾਜ ਪ੍ਰਬੰਧ ਦੀ ਗੁਣਵੱਤਾ ਵਧਾਉਣਾ, ਮਰੀਜ਼ਾਂ ਤੋਂਵੱਧ ਫੀਸ ਵਸੂਲੀ ਰੋਕਣਾ ਅਤੇ ਨਿਯਮ ਤੈਅ ਕਰਨ ਦੇ ਨਾਲ ਫਿਜ਼ੀਕਲ ਅਤੇ ਮੈਡੀਕਲ ਸਟੈਂਡਰਡ ਤੈਅ ਕਰਨਾ, ਸਟਾਫ ਦੇ ਨਿਯਮ, ਰਿਕਾਰਡ ਦੀ ਸੰਭਾਲਤੇ ਰਿਪੋਰਟਿੰਗ ਦੀਆਂ ਸ਼ਰਤਾਂ ਤੈਅ ਕਰਨਾ ਹੈ। ਇਸਨੂੰ ਕਾਨੂੰਨੀ ਰੂਪ ਮਿਲਣ ਨਾਲ ਇਹ ਕਲਿਨਿਕ ਕੁਦਰਤੀ ਆਫਤਾਂ ਅਤੇ ਮਹਾਂਮਾਰੀ ਦੇ ਸਮੇਂ ਸਰਕਾਰ ਦੀ ਮਦਦ ਕਰ ਸਕਣਗੇ।

ਕੋਵਿਡ-19 ਮਹਾਂਮਾਰੀ ਦੌਰਾਨ ਪੰਜਾਬ ਸਰਕਾਰ ਨੇ ਕੈਦੀਆਂ ਦੀ ਆਰਜ਼ੀ ਰਿਹਾਈ ਦੇ ਮੁੱਦੇ ਨੂੰ ਵਿਧਾਨ ਸਭਾ ਦੇ ਸ਼ੈਸ਼ਨ ਵਿੱਚ ਪੇਸ਼ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਅੱਗੇ ਤੋਂ ਸੰਕਟ, ਮਹਾਂਮਾਰੀਆਂ ਅਤੇ ਐਮਰਜੈਂਸੀ ਹਾਲਾਤ ਵਿੱਚ ਪੈਰੋਲ ਦਾ ਵਾਧਾ ਕਰਨ ਦਾ ਰਾਹ ਖੁੱਲ੍ਹੇਗਾ ਅਤੇ ਜੇਲ੍ਹਾਂ ਨੂੰ ਭੀੜ ਮੁਕਤ ਕਰਨ ਦੇ ਨਾਲ ਜੇਲ੍ਹਾਂ ਦੇ ਵਿਭਾਗ ਨੂੰ ਜੇਲ੍ਹਾਂ ਨੂੰਕੋਵਿਡ ਮੁਕਤ ਰੱਖਣ ਨੂੰ ਯਕੀਨੀ ਬਣਾਉਣ ਲਈ ਛੋਟ ਮਿਲ ਸਕੇਗੀ।

ਇੱਕ ਹੋਰ ਫੈਸਲੇ ਵਿੱਚ ਪੰਜਾਬ ਕੈਬਨਿਟ ਨੇ ਇਲਾਜ ਵਿੱਚ ਵਰਤੇ ਜਾਂਦੇ ਪਦਾਰਥਾਂ, ਸਲਾਹ ਅਤੇ ਮੁੜ ਸਥਾਪਤੀ ਕੇਂਦਰਾਂ ਦੇ ਨਿਯਮਾਂ-2011 ਵਿੱਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਤਾਂ ਜੋ ਸਿਹਤ ਵਿਭਾਗ ਅੱਗੇ ਤੋਂ ਨਸ਼ਾ ਛੁਡਾਊ ਕੇਂਦਰਾਂ ਵਿੱਚਪਾਬੰਦੀ ਵਾਲੀਆਂ ਦਵਾਈਆਂ ਦੀ ਸਪਲਾਈ ਨੂੰ ਕਾਬੂ ਹੇਠ ਰੱਖਣ ਤੇ ਮਨੋ-ਵਿਗਿਆਨ ਕੇਂਦਰਾਂ ਵੱਲੋਂ ਦਵਾਈਆਂ ਦੀ ਦੁਰਵਰਤੋਂ ਰੋਕਣ ਲਈ ਨਿਗਰਾਨੀ ਕਰਨ ਦੇ ਯੋਗ ਹੋ ਸਕੇ। ਨਸ਼ੀਲੀਆਂ ਦਵਾਈਆਂ ਅਤੇ ਪਦਾਰਥਾਂ ਦਾ ਐਕਟ-1985 ਕੇਂਦਰ ਸਰਕਾਰ ਨੇ ਇਨ੍ਹਾਂ ਨਸ਼ੀਲੀਆਂ ਦਵਾਈਆਂ ਅਤੇ ਪਦਾਰਥਾਂ ਦੀ ਤਸਕਰੀ ਰੋਕਣ ਲਈ ਲਿਆਂਦਾ ਸੀ ਤਾਂ ਜੋ ਇਨ੍ਹਾਂ ਦਵਾਈਆਂ ਅਤੇ ਪਦਾਰਥਾਂ ਤੇ ਇਨ੍ਹਾਂ ਨਾਲ ਜੁੜੇ ਮਸਲਿਆਂ ਬਾਰੇ ਅੰਤਰ-ਰਾਸ਼ਟਰੀ ਕਨਵੈਨਸ਼ਨਾਂ ਅਤੇ ਨਿਯਮਾਂ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ। ਇਸ ਐਕਟ ਦੀ ਧਾਰਾ-78 ਅਨੁਸਾਰ ਸੂਬਾ ਸਰਕਾਰ ਅਧਿਕਾਰਿਤ ਨੋਟੀਫਿਕੇਸ਼ਨ ਨਾਲ ਇਸ ਐਕਟ ਦੇ ਉਦੇਸ਼ਾਂ ਦੀ ਪੂਰਤੀ ਲਈ ਨਿਯਮ ਬਣਾ ਸਕਦੀ ਹੈ।

ਪੰਜਾਬ ਸਰਕਾਰ ਨੇ ਇੰਡਸਟਰੀਅਲ ਐਕਟ-1947 ਦੇ ਪੰਜਵੇਂ ਸ਼ਡਿਊਲ ਅਤੇ ਧਾਰਾ 2 ਏ, 25 ਕੇ, 25 ਐੱਨ ਤੇ 25 ਓ ਦੀ ਸੋਧ ਦੇ ਆਰਡੀਨੈਂਸ ਨੂੰ ਬਿੱਲ ਵਿੱਚ ਬਦਲਣ ਲਈ ਵਿਧਾਨ ਸਭਾ ਦੇ ਸੈਸ਼ਨ ਵਿੱਚਰੱਖਣਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਚੈਪਟਰ-5 ਹੇਠ ਕਾਮਿਆਂ ਦੀ ਮੌਜੂਦਾ ਸੀਮਾ 100 ਤੋਂ ਵਧਾ ਕੇ 300 ਕੀਤੀ ਜਾ ਸਕੇਗੀ ਅਤੇ ਅਦਾਰੇ ਦੇ ਬੰਦ ਹੋਣ ਜਾਂ ਨੌਕਰੀ ਤੋਂ ਕੱਢਣ ਦੀ ਸੂਰਤ ਵਿੱਚ ਕਾਮੇ 3 ਮਹੀਨੇ ਦੀ ਵਾਧੂ ਤਨਖਾਹ ਲੈਣ ਦੇ ਯੋਗ ਹੋ ਜਾਣਗੇ।

# ਭਾਰਤੀ ਸਿਆਸੀ ਸਟਾਈਲ 'ਚ ਟਰੰਪ : ਭਾਰਤੀਆਂ ਨੂੰ ਲੁਭਾਉਣ ਲਈ ਪਹਿਲਾ ਇਸ਼ਤਿਹਾਰ ਜਾਰੀ

ਵਾਸ਼ਿੰਗਟਨ, 25 ਅਗਸਤ (ਪੋਸਟ ਬਿਊਰੋ)- ਅਮਰੀਕਾ ਵਿੱਚ 20 ਲੱਖ ਤੋਂ ਵੱਧ ਪ੍ਰਭਾਵਸ਼ਾਲੀ ਭਾਰਤੀ-ਅਮਰੀਕੀ ਲੋਕਾਂ ਨੂੰ ਭਰਮਾਉਣ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੋਣ ਪ੍ਰਚਾਰ ਮੁਹਿੰਮ ਦੇ ਪ੍ਰਬੰਧਕਾਂ ਨੇ ਵੀਡੀਓ ਰੂਪ ਵਿੱਚ ਆਪਣਾ ਪਹਿਲਾ ਇਸ਼ਤਿਹਾਰ ਜਾਰੀ ਕੀਤਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਨਾਂ ਤੇ ਟਰੰਪ ਦੇ ਅਹਿਮਦਾਬਾਦ ਦੇ ਇਤਿਹਾਸਕ ਭਾਸ਼ਣ ਦੀ ਕਲਿਪ ਸ਼ਾਮਲ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਇਸ ਸਾਲ ਫਰਵਰੀ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰਤ ਦੌਰੇ ਦੌਰਾਨ ਨਰਿੰਦਰ ਮੋਦੀ ਅਤੇ ਟਰੰਪ ਨੇ ਅਹਿਮਦਾਬਾਦ ਵਿੱਚ ਭਾਰੀ ਭੀੜ ਨੂੰ ਸੰਬੋਧਨ ਕੀਤਾ ਸੀ। ਟਰੰਪ ਦੇ ਨਾਲ ਉਨ੍ਹਾਂ ਦੀ ਪਤਨੀ ਮੇਲਾਨੀਆ, ਬੇਟੀ ਇਵਾਂਕਾ, ਜਵਾਈ ਜੈਰੇਡ ਕੁਸ਼ਨਰ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਦੇ ਉਚ ਅਧਿਕਾਰੀ ਵੀ ਭਾਰਤ ਯਾਤਰਾ 'ਤੇ ਆਏ ਸਨ। 'ਟਰੰਪ ਵਿਕਟਰੀ ਫਾਈਨਾਂਸ ਕਮੇਟੀ' ਦੇ ਕੌਮੀ ਪ੍ਰਧਾਨ ਕਿੰਬਰਲੀ ਗੁਈਲਫਾਈਲ ਨੇ ਇੱਕ ਟਵੀਟ 'ਚ ਇਹ ਇਸ਼ਤਿਹਾਰੀ ਵੀਡੀਓ ਜਾਰੀ ਕਰਦੇ ਹੋਏ ਕਿਹਾ ਕਿ ਅਮਰੀਕਾ ਦੇ ਭਾਰਤ ਨਾਲ ਬੜੇ ਵਧੀਆ ਸਬੰਧ ਹਨ ਤੇ ਸਾਡੀ ਮੁਹਿੰਮ ਨੂੰ ਭਾਰਤੀ-ਅਮਰੀਕੀਆਂ ਦਾ ਬਹੁਤ ਵੱਡਾ ਸਮਰਥਨ ਹੈ। ਪ੍ਰਚਾਰ ਮੁਹਿੰਮ ਦੀ ਅਗਵਾਈ ਕਰ ਰਹੇ ਰਾਸ਼ਟਰਪਤੀ ਦੇ ਬੇਟੇ ਡੋਨਾਲਡ ਟਰੰਪ ਜੂਨੀਅਰ ਭਾਰਤੀ-ਅਮਰੀਕੀ ਭਾਈਚਾਰੇ ਨਾਲ ਬੜੀ ਚੰਗੀ ਤਰ੍ਹਾਂ ਜੁੜੇ ਹੋਏ ਹਨ, ਜਿਨਾਂ ਨੇ ਇਸ ਐਡ ਨੂੰ ਰੀ-ਟਵੀਟ ਕੀਤਾ ਤੇ ਇਹ ਛੇਤੀ ਹੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ। 'ਫੋਰ ਮੋਰ ਈਅਰਸ' ਨਾਂਅ ਦੇ ਸਿਰਲੇਖ ਵਾਲੀ 107 ਸੈਕਿੰਡ ਦੀ ਇਹ ਵੀਡੀਓ ਮੋਦੀ ਤੇ ਟਰੰਪ ਦੇ ਭਾਸ਼ਨਾਂ ਦੀਆਂ ਕਲਿੱਪਾਂ ਨਾਲ ਸ਼ੁਰੂ ਹੁੰਦੀ ਹੈ।

# ਮੋਹਾਲੀ ਨੂੰ ਫਰਵਰੀ ਤੱਕ ਨਹਿਰੀ ਪਾਣੀ ਦੀ ਸਪਲਾਈ ਮਿਲੇਗੀ



ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ)- ਭੂਮੀ ਹੇਠਲਾ ਜਲ ਬਚਾਉਣ ਅਤੇ ਸਤਹੀ ਪਾਣੀ ਦੇ ਪੱਧਰ ਪ੍ਰਯੋਗ ਨੂੰ ਯਕੀਨੀ ਬਣਾਉਣ ਲਈ ਆਵਾਸ ਨਿਰਮਾਣ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਨੇ ਐਸ ਏ ਐਸ ਨਗਰ (ਮੁਹਾਲੀ) ਵਾਸੀਆਂ ਨੂੰ ਨਹਿਰੀ ਪਾਣੀ ਦੀ ਸਪਲਾਈ ਦੇਣ ਦਾ ਫੈਸਲਾ ਕੀਤਾ ਹੈ।

ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਗਮਾਡਾ ਮੁਹਾਲੀ ਵਿੱਚ ਨਹਿਰੀ ਪਾਣੀ ਦੀ ਸਪਲਾਈ ਲਈ ਪਾਈਪਲਾਈਨ ਵਿਛਾ ਰਿਹਾ ਹੈ ਅਤੇ ਉਹ ਕੰਮ ਬੜੌਦਾ ਦੀ ਐਮ ਐਸ ਸਪੰਨ ਪਾਈਪ ਐਂਡ ਕੰਪਨੀ ਨੂੰ 60 ਕਰੋੜ ਰੁਪਏ ਵਿੱਚ ਦਿੱਤਾ ਗਿਆ ਹੈ। ਪਾਣੀ ਦੀ ਮੌਜੂਦਗੀ ਨੂੰ ਧਿਆਨ ਵਿੱਚ ਰੱਖ ਕੇ ਫੇਜ-1 ਵਿੱਚ ਉਹ ਪਾਈਪਲਾਈਨ ਸੈਕਟਰ-66 ਤੱਕ ਵਿਛਾਈ ਦਾਵੇਗੀ। ਇਸ ਦੇ ਬਾਅਦ ਫੇਜ-2 ਵਿੱਚ ਇਸ ਪਾਈਪਲਾਈਨ ਦਾ ਐਰੋਸਿਟੀ ਅਤੇ ਆਈ ਟੀ ਸਿਟੀ ਤੱਕ ਵਾਧਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਫੇਜ-1 ਦਾ ਕੰਮ ਫਰਵਰੀ 2021 ਤੱਕ ਹੋ ਜਾਵੇਗਾ ਅਤੇ ਕੋਵਿਡ-19 ਤੋਂ ਬਚਾਅ ਦੇ ਲਈ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਦੇ ਬਾਵਜੂਦ ਕੰਪਨੀ ਨੇ 20 ਫੀਸਦੀ ਕੰਮ ਪੂਰਾ ਕਰ ਲਿਆ ਹੈ। ਬੁਲਾਰੇ ਨੇ ਦੱਸਿਆ ਕਿ ਇਸ ਕੰਮ ਦੇ ਪੂਰਾ ਹੋਣ 'ਤੇ ਮੁਹਾਲੀ ਨੂੰ 20 ਐਮ ਜੀ ਡੀ ਅਤੇ ਪਾਣੀ ਮਿਲੇਗਾ, ਜੋ ਸ਼ਹਿਰ ਵਾਸੀਆਂ ਦੀ ਲੋੜ ਦੀ ਪੂਰਤੀ ਦੇ ਵੱਲ ਵੱਡਾ ਕਦਮ ਹੈ। ਇਹ ਪਾਈਪਲਾਈਨ ਸਿੰਘਪੁਰ ਵਾਟਰ ਟ੍ਰੀਟਮੈਂਟ ਪਲਾਂਟ ਤੋਂ ਸ਼ੁਰੂ ਹੋਵੇਗੀ।

# ਕੋਵਿਡ-19 ਮਰੀਜ਼ਾਂ ਨੂੰ ਘਰ ਵਿੱਚ ਇਕਾਂਤਵਾਸ ਹੋਣਾ ਸੁਖਾਲਾ ਕੀਤਾ




ਗੁਰਾਇਆ, 25 ਅਗਸਤ (ਪੋਸਟ ਬਿਊਰੋ)- ਹੁਣ ਕੋਰੋਨਾ ਵਾਇਰਸ ਦੀ ਜਾਂਚ ਲਈ ਸੈਂਪਲ ਦੇਣ ਮੌਕੇ ਲੋਕ ਆਪਣਾ ਸਵੈ ਘੋਸ਼ਣਾ ਪੱਤਰ ਦੇ ਕੇ ਪਾਜ਼ੀਟਿਵ ਆਉਣ 'ਤੇ ਘਰ ਵਿੱਚ ਇਕਾਂਤਵਾਸ ਹੋਣ ਲਈ ਅਪੀਲ ਸਕਦੇ ਹਨ। ਇਸ ਤੋਂ ਪਹਿਲਾਂ ਸਵੈ ਘੋਸ਼ਣਾ ਪੱਤਰ 'ਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਕੀਤੀ ਹੋਈ ਸੀ।

ਕਮਊਨਿਟੀ ਹੈਲਥ ਸੈਂਟਰ ਬੜਾ ਪਿੰਡ ਦੇ ਸੀਨੀਅਰ ਮੈਡੀਕਲ ਅਫਸਰ ਡਾ. ਜੋਤੀ ਫੁਕੇਲਾ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਡਾਇਰੈਕਟਰ ਵੱਲੋਂ ਡਿਪਟੀ ਕਮਿਸ਼ਨਰਾਂ ਤੇ ਸਿਵਲ ਸਰਜਨਾਂ ਨੂੰ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਕੋਵਿਡ-19 ਦੇ ਲੱਛਣਾਂ ਤੋਂ ਰਹਿਤ ਤੇ ਹਲਕੇ ਲੱਛਣਾਂ ਵਾਲੇ ਮਰੀਜ਼ ਆਪਣਾ ਸੈਂਪਲ ਕਰਵਾਉਣ ਮੌਕੇ ਕੁਝ ਸ਼ਰਤਾਂ ਆਧਾਰਿਤ ਸਵੈ-ਘੋਸ਼ਣਾ ਪੱਤਰ ਭਰ ਕੇ ਦੇ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਘਰ ਵਿੱਚ ਇਕਾਂਤਵਾਸ ਦਾ ਮੌਕਾ ਮਿਲ ਜਾਵੇਗਾ। ਸਵੈ ਘੋਸ਼ਣਾ ਪੱਤਰ ਦੇਣ ਵਾਲਿਆਂ ਦੇ ਸੈਂਪਲ ਲੈਣ ਮੌਕੇ ਤਾਇਨ-ਾਤ ਡਾਕਟਰ ਵੱਲੋਂ ਉਨ੍ਹਾਂ ਦੀ ਕਲੀਨਿਕਲ ਜਾਂਚ ਕੀਤੀ ਜਾਵੇਗੀ ਅਤੇ ਪਾਜ਼ੀਟਿਵ ਆਉਣ 'ਤੇ ਉਹ ਇਕਾਂਤਵਾਸ ਹੋ ਸਕਣਗੇ। ਉਨ੍ਹਾਂ ਮਰੀਜ਼ਾਂ ਨੂੰ ਸਰਕਾਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਪਵੇਗੀ। ਮਰੀਜ਼ਾਂ ਕੋਲ ਸਿਹਤ ਜਾਂਚ ਲਈ ਇੱਕ ਵੱਖਰੀ ਕਿਟ ਹੋਣੀ ਜ਼ਰੂਰੀ ਹੈ, ਜਿਸ ਵਿੱਚ ਇੱਕ ਥਰਮਾਮੀਟਰ, ਇੱਕ ਪਲਸ ਔਕਸੀਮੀਟਰ, ਵਿਟਾਮਿਨ ਸੀ ਤੇ ਜ਼ਿੰਕ ਦੀਆਂ ਗੋਲੀਆਂ ਹੋਣਾ ਜ਼ਰੂਰੀ ਹੈ। ਜੇ ਮਰੀਜ਼ ਨੂੰ ਕੋਵਿਡ-19 ਬਿਮਾਰੀ ਦੇ ਕੋਈ ਲੱਛਣ ਸਾਹਮਣੇ ਆਉਂਦੇ ਹਨ ਤਾਂ ਉਸ ਨੂੰ ਸਬੰਧਤ ਸਰਕਾਰੀ ਡਾਕਟਰ ਜਾਂ ਸਿਹਤ ਕਰਮਚਾਰੀ ਨਾਲ ਸੰਪਰਕ ਕਰਨਾ ਹੋਵੇਗਾ। ਪੱਤਰ ਅਨੁਸਾਰ ਘਰ ਵਿੱਚ ਇਕਾਂਤਵਾਸ ਮਰੀਜ਼ਾਂ ਦੀ ਸਿਹਤ ਦਾ ਲਗਾਤਾਰ ਫਾਲੋਅਪ ਜ਼ਿਲਾ ਪ੍ਰਸ਼ਾਸਨ ਜਾਂ ਸਿਹਤ ਕਰਮਚਾਰੀਆਂ ਦੀ ਟੀਮ ਵੱਲੋਂ ਕੀਤਾ ਜਾ ਰਿਹਾ ਹੈ। ਜੇ ਫਾਲੋਅਪ ਦੌਰਾਨ ਮਰੀਜ਼ ਵੱਲੋਂ ਸਵੈ-ਘੋਸ਼ਣਾ ਪੱਤਰ ਦੀ ਉਲੰਘਣਾ ਜਾਂ ਸਿਹਤ ਵਿਚ ਗੜਬੜ ਪਤਾ ਲੱਗੀ ਤਾਂ ਮਰੀਜ਼ ਨੂੰ ਇਲਾਜ ਲਈ ਕੋਵਿਡ ਸਿਹਤ ਕੇਂਦਰ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਸਰਕਾਰ ਦੇ ਇਹ ਨਿਯਮ ਪ੍ਰਾਈਵੇਟ ਹਸਪਤਾਲਾਂ ਉਪਰ ਵੀ ਲਾਗੂ ਹੋਣਗੇ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਮਾਰਿਆ ਜਦੋਂ ਅਮਰੀਕਾ ਵਿੱਚ ਗੈਰ-ਗੋਰਾ,
ਸਾਰੀ ਦੁਨੀਆ ਵਿੱਚ ਪਈ ਸੀ ਖੱਪ ਮੀਆਂ।
ਨਸਲੀ ਗੋਰਿਆਂ ਦੇ ਉੱਖੜਦੇ ਬੁੱਤ ਫਿਰਦੇ,
ਕਿਤੇ ਕਾਲਖ ਵੀ ਦਿੱਤੀ ਗਈ ਥੱਪ ਮੀਆਂ।
ਭੜਕਦੀ ਭੀੜ ਉਹ ਨਹੀਂ ਸੀ ਗਈ ਸਾਂਭੀ,
ਮਾਮਲਾ ਹੋਇਆ ਸੀ ਮਸਾਂ ਈ ਠੱਪ ਮੀਆਂ।
ਓਸੇ ਈ ਵਿੱਚ ਅਮਰੀਕਾ ਦੇ ਪੁਲਸੀਆਂ ਨੇ,
ਆਦਮੀ ਗੈਰ-ਗੋਰਾ ਦਿੱਤਾ ਏ ਕੱਪ ਮੀਆਂ।
ਨਸਲਵਾਦ ਨਹੀਂ ਟਿਕੇ ਇਹ ਸਿਰਾਂ ਅੰਦਰ,
ਮੁੜ-ਮੁੜ ਚਾੜ੍ਹਦਾ ਨਵਾਂ ਕੁਝ ਚੰਦ ਮੀਆਂ।
ਚੋਣਾਂ ਦਿੰਦਾ ਨਹੀਂ ਜਿੱਤਣ ਟਰੰਪ ਨੂੰ ਇਹ,
ਹੋਇਆ ਜੇਕਰ ਵਿਹਾਰ ਨਹੀਂ ਬੰਦ ਮੀਆਂ।

ਤੀਸ ਮਾਰ ਖਾਂ

# ਪੰਜਾਬ ਦੇ ਮੰਤਰੀ ਅਤੇ ਚਾਰ ਵਿਧਾਇਕਾਂ ਸਣੇ 1273 ਹੋਰ ਕੇਸ ਮਿਲੇ, 50 ਮੌਤਾਂ

ਚੰਡੀਗੜ੍ਹ, 25 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਵਾਇਰਸ ਦੀ ਮਾਰ ਹੋਰ ਵਧ ਰਹੀ ਹੈ। ਕੋਰੋਨਾ ਕਾਰਨ ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਵਾਈਸ ਚੇਅਰਮੈਨ ਡਾ. ਸੁਰੇਸ਼ ਟੰਡਨ ਸਣੇ 50 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ।ਸੁਰੇਸ਼ ਟੰਡਨ (69 ਸਾਲ)ਦਾ ਲੁਧਿਆਣੇ ਦੇ ਐੱਸ ਪੀ ਐੱਸ ਹਸਪਤਾਲ ਵਿੱਚ ਸੋਮਵਾਰ ਰਾਤ ਨੂੰ ਦੇਹਾਂਤ ਹੋ ਗਿਆ। ਉਹ ਤਿੰਨ ਵਾਰ ਬੋਰਡ ਦੇ ਵਾਈਸ ਚੇਅਰਮੈਨ ਰਹੇ ਸਨ।

ਇਸ ਦੌਰਾਨ ਮੰਤਰੀ ਸੁੰਦਰ ਸ਼ਾਮ ਅਰੋੜਾ, ਜਲੰਧਰ ਕੈਂਟਤੋਂ ਵਿਧਾਇਕ ਪਰਗਟ ਸਿੰਘ, ਨਕੋਦਰ ਦੇ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਰਾਜਪੁਰਾ ਦੇ ਵਿਧਾਇਕ ਹਰਿਦਆਲ ਸਿੰਘ ਕੰਬੋਜ ਅਤੇ ਸਨੌਰ ਦੇ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਸਣੇ 1270 ਲੋਕ ਮੰਗਲਵਾਰ ਨੂੰ ਕੋਰੋਨਾ ਪਾਜ਼ਿਟਿਵ ਨਿਕਲੇ ਹਨ। ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਖੁਦ ਨੂੰ ਚੰਡੀਗੜ੍ਹ ਦੇ ਸਰਕਾਰੀ ਨਿਵਾਸ ਵਿੱਚ ਇਕਾਂਤਵਾਸ ਕਰ ਲਿਆ ਹੈ। ਸਿਵਲ ਹਸਪਤਾਲ ਅੰਮ੍ਰਿਤਸਰ ਦੇ ਤਿੰਨ ਡਾਕਟਰ ਵੀ ਕੋਰੋਨਾ ਪਾਜ਼ੇਟਿਵ ਆਏ ਹਨ।ਅੱਜ ਆਮ ਆਦਮੀ ਪਾਰਟੀ ਦੇ ਨਿਹਾਲ ਸਿੰਘ ਵਾਲਾ ਤੋਂ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਵੀ ਇਸ ਬਿਮਾਰੀ ਤੋਂ ਪ੍ਰਭਾਵਤ ਨਿਕਲੇ ਹਨ। ਉਹ ਆਪਣਾ ਟੈਸਟ ਚੰਡੀਗੜ੍ਹ ਤੋਂ ਕਰਵਾ ਕੇ ਆਏ ਸਨ, ਜਿਸ ਦੀ ਰਿਪੋਰਟ ਤੋਂ ਪਤਾ ਲੱਗਾ ਕਿ ਉਹ ਕੋਰੋਨਾ ਵਾਇਰਸ ਪਾਜ਼ੇਟਿਵ ਹਨ। ਉਹ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪਹਿਲੇ ਵਿਧਾਇਕ ਹਨ, ਜਿਨ੍ਹਾਂ ਦੀ ਰਿਪੋਰਟ ਕੋਰੋਨਾ ਪਾਜ਼ੇਟਿਵ ਆਈ ਹੈ।



ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਤੇ ਉਨ੍ਹਾਂ ਦੀ ਛੋਟੀ ਬੇਟੀ ਗੁਰਲੀਨ ਕੌਰ ਤੇ ਬੇਟੇ ਅਨੰਤਵੀਰ ਸਿੰਘ ਦੀ ਕੋਰੋਨਾ ਰਿਪੋਰਟ ਨੈਗੇਟਿਵ ਆਈ ਹੈ। ਸਿਹਤ ਵਿਭਾਗ ਨੇ ਇਨ੍ਹਾਂ ਦੇ ਟੈਸਟ ਕਰਵਾਏ ਸਨ। ਪਤਾ ਲੱਗਾ ਹੈ ਕਿ ਸੁਖਬੀਰ ਦੀ ਵੱਡੀ ਬੇਟੀ ਹਰਕੀਰਤ ਕੌਰ ਪਿੰਡ ਵਿੱਚਨਹੀਂਤੇ ਸਾਬਕਾ ਮੁੱਖ ਮੰਤਰੀ ਬਾਦਲ ਦੇ ਸੈਂਪਲ ਨਹੀਂ ਸਨ ਲਏ ਗਏ। ਇਸ ਤੋਂ ਪਹਿਲਾਂ ਸੋਮਵਾਰ ਬਾਦਲ-ਨਿਵਾਸ ਦੇ 11 ਸੁਰੱਖਿਆ ਗਾਰਡਾਂ, ਜਿਹੜੇ ਸੀਆਈ ਐੱਸ ਐੱਫ ਦੇ ਜਵਾਨ ਹਨ, ਦੀ ਰਿਪੋਰਟ ਪਾਜ਼ੇਟਿਵ ਪਤਾ ਲੱਗੀ ਸੀ। ਸ਼ਨਿਚਰਵਾਰ ਇਕ ਐੱਸ ਪੀ ਤੇ ਪੰਜ ਸੁਰੱਖਿਆ ਮੁਲਾਜ਼ਮ ਕੋਰੋਨਾ ਇਨਫੈਕਟਿਡ ਮਿਲੇ ਸਨ। ਇਸ ਤੋਂ ਪਹਿਲਾਂ ਸੀਆਈ ਐੱਸ ਐੱਫ ਦੀ ਇਕ ਮਹਿਲਾ ਏ ਐੱਸਆਈ ਅਤੇ ਇਕ ਰਸੋਈਆ ਕੋਰੋਨਾ ਇਨਫੈਕਟਿਡ ਮਿਲਣ ਮਗਰੋਂ ਸੋਮਵਾਰ ਨੂੰ ਬਾਦਲਾਂ ਦੀ ਰਿਹਾਇਸ਼ ਨੂੰ ਮਾਈਕ੍ਰੋ ਕੰਟੇਨਮੈਂਟ ਜ਼ੋਨ ਐਲਾਨ ਕਰ ਦਿੱਤਾ ਗਿਆ ਸੀ।

ਪੰਜਾਬ ਵਿੱਚ ਅੱਜ ਮੰਗਲਵਾਰ 1293 ਨਵੇਂ ਕੇਸਮਿਲੇ ਹਨ। ਕੋਰੋਨਾ ਬਾਰੇ ਪੰਜਾਬ ਵਿੱਚਅੱਜ ਤੱਕ ਕੁੱਲ 44577 ਕੇਸਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 1178 ਦੀ ਮੌਤ ਹੋਈ ਹੈ। ਅੱਜ ਸਭ ਤੋਂ ਵੱਧ ਨਵੇਂ ਕੇਸ ਲੁਧਿਆਣਾ ਤੋਂ 175,ਮੁਹਾਲੀ 154, ਗੁਰਦਾਸਪੁਰ 149, ਪਟਿਆਲਾ 140 ਤੇ ਜਲੰਧਰ ਤੋਂ 119 ਕੇਸਮਿਲੇ ਹਨ।ਅੱਜ ਹੋਈਆਂ 49 ਮੌਤਾਂ ਵਿੱਚੋਂ11 ਲੁਧਿਆਣਾ ਜ਼ਿਲੇ ਵਿੱਚ, ਮੁਹਾਲੀ 9,ਅੰਮ੍ਰਿਤਸਰਤੇ ਪਟਿਆਲਾ ਵਿੱਚ 5-5, ਜਲੰਧਰ ਅਤੇ ਫਰੀਦਕੋਟ 4-4, ਸੰਗਰੂਰ ਵਿੱਚ 3, ਫਤਿਹਗੜ੍ਹ ਸਾਹਿਬ ਤੇ ਮੋਗਾ2-2, ਮਾਨਸਾ, ਗੁਰਦਾ-ਸਪੁਰ, ਬਠਿੰਡਾ ਤੇ ਪਠਾਨਕੋਟ ਵਿੱਚ 1-1 ਮੌਤ ਹੋਈ ਹੈ।

## ਬੱਬਰ ਖ਼ਾਲਸਾ ਨਾਲ ਸੰਬੰਧਤ 10 ਜਣਿਆਂ ਨੂੰ ਰਾਜਸਥਾਨ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ

ਜੋਧਪੁਰ, 25 ਅਗਸਤ, (ਪੋਸਟ ਬਿਊਰੋ)- ਲਗਪਗ 11 ਸਾਲ ਪਹਿਲਾਂ ਆਰਡੀ ਐੱਕਸ ਤੇ ਹੋਰ ਬਾਰੂਦੀ ਸਾਮਾਨ ਨਾਲ ਪੱਛਮੀ ਰਾਜਸਥਾਨ ਵਿੱਚਫੜੇ ਗਏ ਬੱਬਰ ਖ਼ਾਲਸਾ ਦੇ 10 ਜਣਿਆਂ ਨੂੰ ਬਾੜਮੇਰ ਦੀ ਜ਼ਿਲ੍ਹਾ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਹ ਪੰਜਾਬ ਵਿੱਚ ਹਿੰਸਾ ਫੈਲਾਉਣ ਦੀ ਫਿਰਾਕ ਵਿੱਚ ਦੱਸੇ ਗਏ ਸਨ।



ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਲੋਕਾਂ ਨੂੰ ਭਾਰਤ ਦੇ ਖ਼ਿਲਾਫ਼ ਸਾਜ਼ਿਸ਼ ਰਚਣ, ਵਿਸਫੋਟਕ ਪਦਾਰਥ ਰੱਖਣ ਅਤੇ ਆਰਮਜ਼ ਐਕਟ ਦੇ ਜੁਰਮ ਹੇਠ ਅਦਾਲਤ ਨੇ 11 ਸਾਲ ਲੰਮੀ ਸੁਣਵਾਈਤੋਂ ਬਾਅਦ ਦੋਸ਼ੀ ਮੰਨਿਆ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਕੇਸ ਵਿੱਚ ਦੋ ਪਾਕਿਸਤਾਨੀ ਨਾਗਰਿਕ ਅਲੀ ਉਰਫ਼ ਆਲੀਆ ਤੇ ਫੋਟੀਆ ਉਰਫ਼ ਲੰਬੂ ਗ੍ਰਿਫ਼ਤਾਰ ਨਹੀਂ ਹੋ ਸਕੇ ਸਨ ਤੇ ਇੰਗਲੈਂਡ ਵਿੱਚ ਰਹਿ ਰਹੇ ਹਰਜੋਤ ਗੁਰਦੇਵ ਸਿੰਘ, ਪਰਮਜੀਤ ਉਰਫ਼ ਪੰਮਾ, ਅਮਰੀਕ ਸਿੰਘ ਵੀ ਪੁਲਿਸ ਦੀ ਪਕੜਤੋਂਬਚ ਗਏਸਨ। ਓਦੋਂ ਅੱਠ ਸਤੰਬਰ 2009 ਨੂੰ ਬਾੜਮੇਰ ਨੇੜੇ ਸੋਡਾ ਖ਼ਾਨ ਉਰਫ਼ ਸੋਬਦਾਰ ਉਰਫ਼ ਲੂਣੀਆ, ਨਜ਼ੀਰ ਉਰਫ਼ ਮੀਰੂ ਖਾਂ, ਜੀਆ ਖਾਨ ਉਰਫ਼ ਖਾਨੀਆ, ਮੁਬਾਰਕ, ਕਾਲਾਖਾਂ ਉਰਫ਼ ਕਾਲੀਆ, ਮੂਸਾ ਖਾਂ, ਰਮਦਾ ਖਾਂਅਤੇ ਗੁਲਾ ਉਰਫ਼ ਗੁਲਸ਼ੇਰ ਸਾਰੇ ਵਾਸੀ ਜ਼ਿਲ੍ਹਾ ਬਾੜਮੇਰ ਅਤੇ ਜਗਮੋਹਨ ਸਿੰਘ ਪੁੱਤਰ ਗੁਰਨਾਮ ਸਿੰਘ, ਵਾਸੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਪੰਜਾਬ ਨੂੰ ਫੜਿਆ ਗਿਆ ਸੀ। ਇਨ੍ਹਾਂ ਕੋਲੋਂ ਅੱਠ ਵਿਦੇਸ਼ੀ ਪਿਸਤੌਲ, ਸੈਂਕੜੇ ਕਾਰਤੂਸ, ਆਰਡੀ ਐਕਸ ਅਤੇ ਬੈਟਰੀਆਂ ਵੀ ਬਰਾਮਦ ਹੋਈਆਂ ਦੱਸੀਆਂ ਗਈਆਂ ਸਨ।

# ਆਸਟਰੇਲੀਆ ਵਿੱਚ ਕਬਾਈਲੀ ਲੋਕਾਂ ਨੇ ਅਡਾਨੀ ਦੀ ਕੋਲਾ ਖਾਣ ਦਾ ਰਾਹ ਰੋਕਿਆ

ਬ੍ਰਿਸਬੇਨ, 25 ਅਗਸਤ, (ਪੋਸਟ ਬਿਊਰੋ)- ਆਸਟਰੇਲੀਆ ਦੇ ਕੇਂਦਰੀ ਕੁਈਨਜ਼ਲੈਂਡ ਵਿੱਚ ਵਾਂਗਾਨ ਅਤੇ ਜਾਗਾਲਿੰਗੋ ਕਬੀਲੇ ਨਾਲ ਜੁੜੇ ਲੋਕਾਂ, ਜੋ ਕਬੀਲੇ ਵਜੋਂ ਇਸ ਇਲਾਕੇ ਦੇ ਰਿਵਾਇਤ ਮਾਲਕ ਕਹੇ ਜਾਂਦੇ ਹਨ, ਨੇ ਅਡਾਨੀ ਦੀ ਕੋਲਾ ਮਾਈਨ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੀਆਂ ਜ਼ਮੀਨਾਂ ਦਾ 'ਕਬਾਇਲੀ ਕਬਜ਼ਾ' ਮੁੜ ਕੇ ਕਰ ਲਿਆ ਤੇ ਅਡਾਨੀ ਦੇ ਮਜ਼ਦੂਰਾਂ ਨੂੰ ਮਾਈਨ ਉਸਾਰੀ ਵਾਲੀ ਥਾਂਜਾਣਤੋਂ ਰੋਕ ਦਿੱਤਾ ਹੈ। ਇਨ੍ਹਾਂ ਲੋਕਾਂ ਨੇ ਇਕ ਵਾਰ ਫੇਰ ਵਾਤਾਵਰਣ ਅਤੇ ਜ਼ਮੀਨ ਦੀ ਮਾਲਕੀ ਹੇਠ ਕੇਂਦਰੀ ਕੁਈਨਜ਼ਲੈਂਡ ਵਿਚ ਅਡਾਨੀ ਕੋਲੇ ਦੀ ਖਾਨ ਨੂੰ ਰੋਕਣ ਲਈ ਜ਼ਬਰਦਸਤ ਪ੍ਰਦਰਸ਼ਨ ਕੀਤਾ ਹੈ, ਜਿਸ ਨਾਲ ਸਥਿਤੀ ਗੰਭੀਰ ਹੋ ਸਕਦੀ ਹੈ।

ਪਤਾ ਲੱਗਾ ਹੈ ਕਿ ਪ੍ਰਦਰਸ਼ਨਕਾਰੀਆਂ, ਜਿਨ੍ਹਾਂ ਵਿਚ ਰਵਾਇਤੀ ਕਬੀਲੇ ਦੇ ਮਾਲਕ ਅਤੇ ਦੇਸ਼ ਦੇ ਜਾਗਾਲਿੰਗੋ ਵਾਸੀ ਸ਼ਾਮਲ ਹਨ, ਨੇ ਕੇਂਦਰੀ ਕੁਈਨਜ਼ਲੈਂਡ ਵਿਚ ਵਿਵਾਦ ਵਾਲੀ ਅਡਾਨੀ ਕਾਰਮੀਕਲ ਕੋਲਾ ਮਾਈਨ ਦੀ ਮੁੱਖ ਸੜਕ ਜਾਮ ਕਰ ਦਿੱਤੀ ਹੈ। ਕੁਈਨਜ਼ਲੈਂਡ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ 20 ਤੋਂ ਵੱਧ ਲੋਕਾਂ ਨੇ ਇਸ ਜਗ੍ਹਾ ਤੋਂ ਸੜਕ ਦੇ ਪਾਰਲੇ ਪਾਸੇ ਇੱਕ ਕੈਂਪ ਬਣਾ ਲਿਆ ਸੀ। ਇਹ ਨਾਕਾਬੰਦੀ ਮਕਾਏ ਤੋਂ 400 ਕਿਲੋਮੀਟਰ ਤੋਂਜ਼ਿਆਦਾ ਅੰਦਰ ਮਾਈਨ ਬਣਨ



ਵਿਰੁੱਧ ਇਕ ਦਹਾਕੇ ਤੋਂ ਚੱਲ ਰਹੀ ਮੁਹਿੰਮ ਤੋਂ ਬਾਅਦ ਕੀਤੀ ਗਈ ਹੈ। ਵੈਂਗਨ ਤੇ ਜੈਗਾਲਿੰਗੋ ਦੇ ਐਡਰੀਅਨ ਬੁਰਗੱਬਾ ਨੇ ਕਿਹਾ ਕਿ ਨਾਕਾਬੰਦੀ ਦਾ ਉਦੇਸ਼ ਜ਼ਮੀਨ ਉੱਤੇ ਮੁੜ ਕਬਜ਼ਾ ਕਾਇਮ ਕਰਨਾ ਅਤੇ ਮਾਈਨਿੰਗ ਦੇ ਦੈਂਤ ਨੂੰ ਪ੍ਰਾਜੈਕਟ ਛੱਡਣ ਲਈ ਮਜਬੂਰ ਕਰਨਾ ਹੈ। ਉਨ੍ਹਾਂ ਨੇ ਕਿਹਾ, 'ਅਸੀਂ ਆਪਣੀ ਧਰਤੀ ਉੱਤੇ ਆਪਣਾ ਕਬਜ਼ਾ ਵਾਪਸ ਲੈ ਰਹੇ ਹਾਂ, ਕਿਉਂਕਿ ਸਾਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਅਸੀਂ ਆਪਣੇ ਗੈਰ-ਕੰਟਰੋਲਡ ਇਲਾਕੇ ਦਾ ਵਿਨਾਸ਼ ਰੋਕਣ ਦੀ ਮੰਗ ਕਰਦੇ ਹਾਂ।'

ਦੂਸਰੇ ਪਾਸੇ ਭਾਰਤ ਦੇ ਅਡਾਨੀ ਗਰੁੱਪ ਨੇ ਪਿਛਲੇ ਮਹੀਨੇ ਇੱਕ ਅਖਬਾਰ ਨੂੰ ਦੱਸਿਆ ਸੀ ਕਿ ਉਹ 2021 ਤੱਕ ਖਾਨ ਵਿੱਚੋਂ ਪਹਿਲੀ ਬਰਾਮਦੀ ਕੋਲਾ ਖੇਪ ਕੱਢਣ ਲਈ ਵਚਨਬੱਧ ਹਨ। ਆਸਟਰੇਲੀਆ ਦੀ ਫੈਡਰਲ ਸਰਕਾਰ ਅਤੇ ਰਾਜ ਸਰਕਾਰ ਵੱਲੋਂ ਅੰਤਮ ਮਨਜ਼ੂਰੀ ਦੇ ਬਾਅਦ ਇਸ ਮਾਈਨ ਦਾ ਕੰਮ 2019 ਵਿੱਚ ਸ਼ੁਰੂ ਹੋਇਆ ਸੀ।

## ਸਰਕਾਰੀ ਫੱਟੇ ਹੇਠਲੀਆਂ ਚੈਕ ਪੋਸਟਾਂ ਨੂੰ ਮਾਈਨਿੰਗ ਮਾਫ਼ੀਆ ਨੇ ਫ਼ੇਲ੍ਹ ਕੀਤਾ

ਗੜ੍ਹਸ਼ੰਕਰ, 25 ਅਗਸਤ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਤੋਂ ਰੇਤ, ਬੱਜਰੀ ਲੈ ਕੇ ਪੰਜਾਬ ਆਉਂਦੀਆਂ ਓਵਰ ਲੋਡ ਗੱਡੀਆਂ ਤੋਂ ਭਾਰੀ ਜੁਰਮਾਨਾ ਵਸੂਲਣ ਲਈ ਹਿਮਾਚਲ ਦੀ ਹੱਦ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਤੇ ਰੋਪੜ 'ਚ ਸਰਕਾਰੀ ਫੱਟੇ ਹੇਠ ਸ਼ੁਰੂ ਕੀਤੀਆਂ ਚੈਕ ਪੋਸਟਾਂ ਨੂੰ ਮਾਈਨਿੰਗ ਮਾਫ਼ੀਆਂ ਨੇ ਫ਼ੇਲ ਕਰ ਦਿੱਤਾ ਹੈ। ਇਨ੍ਹਾਂ ਚੈਕ ਪੋਸਟਾਂ ਦੀ ਮਨਸ਼ਾ ਉੱਤੇ ਪਾਣੀ ਫੇਰਨ 'ਚ ਮਾਈਨਿੰਗ ਮਾਫ਼ੀਆ ਚਾਰ ਕਦਮ ਅੱਗੇ ਨਿਕਲ ਗਿਆ ਹੈ।

ਗੜ੍ਹਸ਼ੰਕਰ ਨੇੜਲੇ ਪਿੰਡ ਕੋਟ ਸਮੇਤ ਜ਼ਿਲਾ ਹੁਸ਼ਿਆਰਪੁਰ 'ਚ ਪੰਜ ਚੈਕ ਪੋਸਟਾਂ ਹਿਮਾਚਲ ਪ੍ਰਦੇਸ਼ ਦੀ ਹੱਦ ਨਾਲ ਸ਼ੁਰੂ ਕੀਤੀਆਂ ਗਈਆਂ ਸਨ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਦੀ ਮਾਈਨਿੰਗ ਨੂੰ ਠੱਲ੍ਹ ਪਾਉਣ ਲਈ ਨਾਲ ਦੇ ਰੋਪੜ ਜ਼ਿਲੇ 'ਚ ਵੀ ਅਜਿਹੀਆਂ ਚੈਕ ਪੋਸਟਾਂ ਸ਼ੁਰੂ ਕੀਤੀਆਂ ਗਈਆਂ ਸਨ। ਗੱਡੀਆਂ ਦਾ ਵਜ਼ਨ ਕਰਨ ਲਈ ਕੰਡੇ ਲਾ ਕੇ ਬਣਾਈਆਂ ਚੈਕ ਪੋਸਟਾਂ 'ਤੇ ਪੰਜਾਬ ਸਰਕਾਰ ਦੇ ਮਾਈਨਜ਼ ਤੇ ਜਿਆਲੋਜੀ ਵਿਭਾਗ ਦੇ ਵੱਡੇ-ਵੱਡੇ ਬੋਰਡ ਲਾ ਕੇ ਸ਼ੁਰੂ ਵਿੱਚ ਹਿਮਾਚਲ ਪ੍ਰਦੇਸ਼ ਤੋਂ ਆਉਂਦੀਆਂ ਰੇਤ, ਬੱਜਰੀ ਦੀਆਂ ਓਵਰਲੋਡ ਗੱਡੀਆਂ ਨੂੰ ਭਾਰੀ ਜ਼ੁਰਮਾਨੇ ਕੀਤੇ ਗਏ ਸਨ, ਜਿਨ੍ਹਾਂ ਤੋਂ ਤੰਗ ਆਏ ਮਾਈਨਿੰਗ ਮਾਫ਼ੀਆ ਨੇ ਚੈਕ ਪੋਸਟਾਂ ਦੀ ਉਗਰਾਹੀ ਤੋਂ ਬਚਣ ਦਾ ਨਵਾਂ ਰਾਹ ਲੱਭ ਲਿਆ, ਭਾਵ ਓਪਰਲੋਡ ਗੱਡੀਆਂ ਦਾ ਰੁਖ਼ ਬਦਲ ਲਿਆ ਹੈ। ਅੱਜਕੱਲ੍ਹ ਗੜ੍ਹਸ਼ੰਕਰ ਰਸਤੇ ਹਿਮਾਚਲ ਪ੍ਰਦੇਸ਼ ਨੂੰ ਖ਼ਾਲੀ ਟਿੱਪਰ ਜਾਂਦੇ ਵੇਖਣ ਨੂੰ ਮਿਲ ਰਹੇ ਹਨ, ਪਰ ਟਿੱਪਰਾਂ ਦੀ ਵਾਪਸੀ ਚੋਰ ਰਸਤੇ ਕੀਤੀ ਜਾ ਰਹੀ ਹੈ।

ਹਿਮਾਚਲ ਪ੍ਰਦੇਸ਼ ਤੋਂ ਆਉਂਦੇ ਟਿੱਪਰ ਅੱਜਕੱਲ੍ਹ ਕੋਟ (ਗੜ੍ਹਸ਼ੰਕਰ) ਦੀ ਚੈਕ ਪੋਸਟ ਤੋਂ ਬਚਣ ਲਈ ਰੋਪੜ ਜ਼ਿਲੇ ਦੇ ਰਾਹਾਂ ਤੋਂ ਸ੍ਰੀ ਅਨੰਦਪੁਰ ਸਾਹਿਬ-ਗੜ੍ਹਸ਼ੰਕਰ ਰਸਤੇ ਵਾਪਸੀ ਕਰਦੇ ਹਨ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਨਾਲ ਦੀਆਂ ਬਾਕੀ ਚੈਕ ਪੋਸਟਾਂ 'ਤੇ ਵੀ ਗੱਡੀਆਂ ਦੀ ਨਾਮਾਤਰ ਵਾਪਸੀ ਨੇ ਚੈਕ ਪੋਸਟਾਂ ਨੂੰ ਫ਼ੇਲ੍ਹ ਕਰ ਦਿੱਤਾ ਹੈ। ਪਿੰਡ ਕੋਟ ਦੀ ਚੈਕ ਪੋਸਟ 'ਤੇ ਕੋਈ ਭੁੱਲ-ਭੁਲੇਖੇ ਗੱਡੀ ਆ ਜਾਵੇ ਤਾਂ ਵੱਖਰੀ ਗੱਲ, ਨਹੀਂ ਤਾਂ ਦਿਨ 'ਚ ਇੱਕ ਵੀ ਟਿੱਪਰ ਇਸ ਸੜਕ 'ਤੇ ਨਾ ਆਉਣ ਕਾਰਨ ਚੈਕ ਪੋਸਟ ਦੀ ਉਗਰਾਹੀ ਠੱਪ ਹੈ। ਰੋਪੜ ਜ਼ਿਲੇ 'ਚ ਹੋ ਰਹੀ ਨਾਜਾਇਜ਼ ਮਾਈਨਿੰਗ ਦਾ ਮਾਮਲਾ ਅਦਾਲਤ 'ਚ ਜਾਣ ਕਾਰਨ ਹਿਮਾਚਲ ਪ੍ਰਦੇਸ਼ ਤੋਂ ਆਉਂਦੇ ਵਾਹਨਾਂ ਦੀ ਚੈਕਿੰਗ ਵੀ ਠੱਪ ਹੋ ਗਈ ਹੈ। ਇਨ੍ਹਾਂ ਚੈਕ ਪੋਸਟਾਂ 'ਤੇ ਓਵਰ ਲੋਡਿੰਗ ਦੇ ਨਾਂਅ 'ਤੇ ਜ਼ੁਰਮਾਨੇ ਦੀ ਕੀਤੀ ਜਾਣ ਵਾਲੀ ਉਗਰਾਹੀ ਦਾ ਟਿੱਪਰਾਂ ਵਾਲੇ ਕਈ ਵਾਰ ਵਿਰੋਧ ਵੀ ਕਰ ਚੁੱਕੇ ਹਨ। ਇਹ ਵੀ ਦੋਸ਼ ਲਗਦੇ ਹਨ ਕਿ ਮਾਈਨਿੰਗ ਵਿਭਾਗ ਦੀ ਆੜ 'ਚ ਸੱਤਾਧਾਰੀ ਧਿਰ ਦੇ ਠੇਕੇਦਾਰਾਂ ਵੱਲੋਂ ਚੈਕ ਪੋਸਟਾਂ ਰਾਹੀਂ ਨਾਜਾਇਜ਼ ਵਸੂਲੀ ਦਾ ਰਾਹ ਲੱਭਿਆ ਗਿਆ ਹੈ।

## ਪਾਕਿਸਤਾਨੀ ਸਰਕਾਰ ਨੇ ਨਵਾਜ਼ ਸ਼ਰੀਫ ਨੂੰ ਭਗੌੜਾ ਕਰਾਰ ਦਿੱਤਾ



ਲਾਹੌਰ, 25 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਭਗੌੜਾ ਕਰਾਰ ਦੇ ਦਿੱਤਾ ਹੈ ਤੇ ਉਸ ਦੀ ਹਵਾਲਗੀ ਲਈ ਬਰਤਾਨੀਆ ਸਰਕਾਰ ਤੱਕ ਪਹੁੰਚ ਕੀਤੀ ਹੈ। ਵਰਨਣ ਯੋਗ ਹੈ ਕਿ ਇਸ ਵਕਤ ਨਵਾਜ਼ ਸ਼ਰੀਫ ਲੰਡਨ ਵਿੱਚ ਆਪਣਾ ਇਲਾਜ ਕਰਵਾ ਰਿਹਾ ਹੈ।

ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਲਾਹਕਾਰ ਸ਼ਹਿਜ਼ਾਦ ਅਕਬਰ ਨੇ ਕਿਹਾ ਕਿ ਨਵਾਜ਼ ਸ਼ਰੀਫ ਨੂੰ ਮੈਡੀਕਲ ਆਧਾਰ 'ਤੇ ਦਿੱਤੀ ਚਾਰ ਹਫਤਿਆਂ ਦੀ ਜ਼ਮਾਨਤ ਪਿਛਲੇ ਸਾਲ ਦਸੰਬਰ ਵਿੱਚ ਖਤਮ ਹੋ ਗਈ ਹੈ। ਉਨ੍ਹਾਂ ਕਿਹਾ, ਸਰਕਾਰ ਨੇ ਸ਼ਰੀਫ ਨੂੰ ਭਗੌੜਾ ਕਰਾਰ ਦੇ ਦਿੱਤਾ ਹੈ ਤੇ ਉਨ੍ਹਾਂ ਦਾ ਹਵਾਲਗੀ ਲਈ ਬਰਤਾਨੀਆ ਸਰਕਾਰ ਨੂੰ ਅਰਜ਼ੀ ਭੇਜੀ ਗਈ ਹੈ। ਇਥੋਂ ਦੀ ਇੱਕ ਜਵਾਬਦੇਹੀ ਅਦਾਲਤ ਵੱਲੋਂ ਭ੍ਰਿਸ਼ਟਾਚਾਰ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਨਵਾਜ਼ ਸ਼ਰੀਫ ਨੇ ਬੀਤੇ ਮਹੀਨੇ ਆਪਣੇ ਵਕੀਲ ਰਾਹੀਂ ਲਾਹੌਰ ਦੀ ਅਦਾਲਤ ਨੂੰ ਸੂਚਿਤ ਕੀਤਾ ਸੀ ਕਿ ਉਹ ਦੇਸ਼ ਵਾਪਸੀ ਤੋਂ ਅਸਮਰੱਥ ਹੈ ਕਿਉਂਕਿ ਉਸ ਦੇ ਡਾਕਟਰਾਂ ਨੇ ਉਸ ਨੂੰ ਕੋਰੋਨਾ ਵਾਇਰਸ ਮਹਾਂਮਾਰੀ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਿਤੇ ਵੀ ਜਾਣ ਤੋਂ ਮਨਾ ਕੀਤਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC





Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.

Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"


**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.


**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ  * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

## Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

## ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
**Protect yourself, Protect your family, Know your rights.**
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

**647.539.3020**

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



CANOPY TOWERS

Canopy Towers - Building A
Exterior Rendering - Dusk View by Liberty Development





# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

## FREE ASSIGNMENT

**PERMISSION TO LEASE DURING OCCUPANCY**
**CAPPED DEVELOPMENT CHARGERS**

### QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy

Residential
Commercial
Investment

Century 21
President Realty Inc
Brokerage*
Independently Owned and Operated.

Grewalhomes.com



**Jagdish Grewal**
Sales Representative

416 877-6464
or E-mail Jagdish@grewalhomes.com

# ਕਮਲਾ ਹੈਰਿਸ ਬਾਰੇ ਫ਼ਜ਼ੂਲ ਦਾ ਕਲੇਸ਼



-ਹਰਸ਼ ਵੀ. ਪੰਤ-

ਜੋਅ ਬਿਡੇਨ ਨੇ ਕਮਲਾ ਹੈਰਿਸ ਨੂੰ ਉਪ-ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣਾ ਕੇ ਨੀਰਸ ਜਿਹੀ ਚੱਲ ਰਹੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਨੂੰ ਦਿਲਚਸਪ ਬਣਾ ਦਿੱਤਾ ਹੈ। ਕੈਲੀਫੋਰਨੀਆ ਦੀ ਸੈਨੇਟਰ ਹੈਰਿਸ ਇੱਕ ਵੇਲੇ ਖ਼ੁਦ ਵੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣਨ ਲਈ ਜੋਅ ਬਿਡੇਨ ਦੀ ਵਿਰੋਧੀ ਰਹਿ ਚੁੱਕੀ ਹੈ। ਇਹ ਯਕੀਨਨ ਇਤਿਹਾਸ ਦਾ ਇੱਕ ਪੜਾਅ ਹੈ ਜਿੱਥੇ ਕਿਸੇ ਵੱਡੀ ਪਾਰਟੀ ਵੱਲੋਂ ਉਪ-ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣਾਈ ਗਈ ਕਮਲਾ ਹੈਰਿਸ ਪਹਿਲੀ ਗੈਰ ਗੋਰੀ ਅਤੇ ਏਸ਼ੀਅਨ ਅਮਰੀਕੀ ਮਹਿਲਾ ਹੈ।

ਪੁਲਸ ਵੱਲੋਂ ਜਾਰਜ ਫਲੋਇਡ ਦੀ ਹੱਤਿਆ ਤੋਂ ਬਾਅਦ ਹੋਏ ਦੇਸ਼ ਵਿਆਪੀ ਰੋਸ ਪ੍ਰਦਰਸ਼ਨ ਜਦ ਚੋਣ ਲਹਿਰ ਨੂੰ ਪ੍ਰਭਾਵਿਤ ਕਰਦੇ ਦਿਖਾਈ ਦੇ ਰਹੇ ਸਨ, ਉਦੋਂ ਡੈਮੋਕ੍ਰੈਟਸ ਲਈ ਇਹ ਮਹੱਤਵ ਪੂਰਨ ਸੀ ਕਿ ਉਹ ਅਫਰੀਕੀ-ਅਮਰੀਕੀ ਭਾਈਚਾਰੇ ਵਿੱਚ ਆਪਣੀ ਪੈਠ ਵਧਾਉਣ। ਹੈਰਿਸ ਦੀ ਨਾਮਜ਼ਦਗੀ ਨਾਲ ਉਮੀਦ ਹੈ ਕਿ ਇਹ ਤਬਕਾ ਜੋਅ ਬਿਡੇਨ ਪਿੱਛੇ ਇੱਕਜੁੱਟ ਹੋਵੇਗਾ। ਗੈਰ ਗੋਰੇ ਵੋਟਰਾਂ ਦੀ ਅਹਿਮੀਅਤ ਨਾ ਸਿਰਫ ਮਿਸ਼ੀਗਨ, ਪੈਂਸਿਲਵੇਨੀਆ ਅਤੇ ਵਿਸਕਾਨਸਿਨ ਵਰਗੇ ਕਾਂਟੇ ਦੀ ਟੱਕਰ ਵਾਲੇ ਰਾਜਾਂ ਵਿੱਚ ਵਧੇਗੀ, ਸਗੋਂ ਜਾਰਜੀਆ ਅਤੇ ਫਲੋਰੀਡਾ ਵਰਗੇ ਰਿਪਬਲਿਕਨ ਝੁਕਾਅ ਵਾਲੇ ਰਾਜਾਂ ਵਿੱਚ ਵੀ ਏਦਾਂ ਹੋਣ ਦੇ ਆਸਾਰ ਹਨ। ਕਮਲਾ ਹੈਰਿਸ ਨੌਜਵਾਨ ਵੋਟਰਾਂ ਨਾਲ ਪਾਰਟੀ ਨੂੰ ਜੋੜਨ ਵਿੱਚ ਮਦਦਗਾਰ ਸਿੱਧ ਹੋਵੇਗੀ, ਜਿਸ ਦੀਆਂ ਉਮੀਦਾਂ ਸ਼ਾਇਦ 77 ਸਾਲਾ ਬਿਡੇਨ ਓਨੇ ਬਿਹਤਰ ਤਰੀਕੇ ਨਾਲ ਨਾ ਜ਼ਾਹਰ ਕਰ ਸਕਣ। ਉਮਰ ਦੇ ਇਸ ਪਹਿਲੂ ਨੇ ਇਨ੍ਹਾਂ ਅਟਕਲਾਂ ਨੂੰ ਮਜ਼ਬੂਤੀ ਦਿੱਤੀ ਹੈ ਕਿ ਬਿਡੇਨ ਇੱਕ ਹੀ ਕਾਰਜਕਾਲ ਪੂਰਾ ਕਰ ਸਕਣਗੇ ਤੇ 2024 ਲਈ ਕਮਲਾ ਹੈਰਿਸ ਰਾਸ਼ਟਰਪਤੀ ਦੀ ਸੰਭਾਵੀ ਦਾਅਵੇਦਾਰ ਹੋ ਸਕਦੀ ਹੈ। ਜੋ ਵੀ ਹੋਵੇ, ਜੋਅ ਬਿਡੇਨ ਦੇ ਇਸ ਫ਼ੈਸਲੇ ਨੇ ਆਪਣੇ ਆਧਾਰ ਨੂੰ ਊਰਜਾ ਨਾਲ ਭਰ ਦਿੱਤਾ ਹੈ। ਕਮਲਾ ਹੈਰਿਸ ’ਤੇ ਹਮਲਾ ਕਰਨ ਵਿੱਚ ਟਰੰਪ ਨੇ ਸਖ਼ਤ ਸ਼ਬਦਾਂ ਦੀ ਚੋਣ ਕੀਤੀ। ਕਮਲਾ ਹੈਰਿਸ ਦੀ ਨਾਮਜ਼ਦਗੀ ਨੇ ਭਾਰਤ ਵਿੱਚ ਵੀ ਬਹਿਸ ਛੇੜ ਦਿੱਤੀ ਹੈ ਕਿ ਉਹ ਕੀ ਤਬਦੀਲੀਆਂ ਲਿਆਵੇਗੀ ਤੇ ਭਾਰਤ-ਅਮਰੀਕਾ ਰਿਸ਼ਤਿਆਂ ਦੇ ਭਵਿੱਖ ਦੀ ਕੀ ਤਸਵੀਰ ਹੋਵੇਗੀ?

ਜੋਅ ਬਿਡੇਨ ਆਪਣੇ ਆਤਮ-ਵਿਸ਼ਵਾਸ ਨਾਲ ਲੈਸ ਉਭਰਦੀ ਹੋਈ ਸ਼ਕਤੀ ਦਾ ਦਾਅਵਾ ਕਰਦਾ ਹੈ, ਉਥੇ ਅਜਿਹਾ ਰੌਲਾ-ਰੱਪਾ ਇਸ ਬੁਨਿਆਦੀ ਕਮਜ਼ੋਰੀ ਨੂੰ ਜ਼ਾਹਰ ਕਰਦਾ ਹੈ ਕਿ ਅਸੀਂ ਹਮੇਸ਼ਾ ਦੂਜਿਆਂ ਤੋਂ ਪ੍ਰਭਾਵਿਤ ਹੁੰਦੇ ਆਏ ਹਾਂ, ਨਾਂ ਕਿ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਾਂ। ਹੈਰਿਸ ਦਾ ਭਾਰਤ ਨਾਲ ਸਬੰਧ ਨਾ ਭਾਰਤ ਦੀਆਂ ਉਮੀਦਾਂ ਤੇ ਨਾ ਖ਼ੁਦ ਹੈਰਿਸ ਦੇ ਨਾਲ ਨਿਆਂ ਕਰਦਾ ਹੈ। ਉਹ ਖ਼ੁਦ ਦੀ ਗੈਰ ਗੋਰੀ ਪਛਾਣ ਬਾਰੇ ਇਹ ਕਹਿੰਦੀ ਰਹੀ ਹੈ ਕਿ ਮੈਨੂੰ ਇਸ ’ਤੇ ਮਾਣ ਹੈ। ਇੰਨੇ ਸਾਲਾਂ ਦੇ ਸਿਆਸੀ ਸਫ਼ਰ ਵਿੱਚ ਉਸ ਨੇ ਭਾਰਤ ਨਾਲ ਆਪਣਾ ਕੋਈ ਖ਼ਾਸ ਮੋਹ-ਪਿਆਰ ਵੀ ਨਹੀਂ ਦਿਖਾਇਆ। ਸਾਨੂੰ ਵੀ ਇਸ ਦਾ ਸਨਮਾਨ ਕਰਦੇ ਹੋਏ ਉਸ ’ਤੇ ਆਪਣੀਆਂ ਭਾਵਨਾਵਾਂ ਨਹੀਂ ਥੋਪਣੀਆਂ ਚਾਹੀਦੀਆਂ।

ਹੈਰਿਸ ਇੱਕ ਤਾਕਤਵਰ ਅਮਰੀਕੀ ਨੇਤਾ ਵਜੋਂ ਉਭਰੀ ਹੈ ਤੇ ਉਸ ਤੋਂ ਆਸ ਹੈ ਕਿ ਉਹ ਆਪਣੇ ਰਾਸ਼ਟਰੀ ਹਿੱਤਾਂ ਦਾ ਖ਼ਿਆਲ ਰੱਖੇ। ਸਾਨੂੰ ਉਸਦਾ ਮੁਲਾਂਕਣ ਉਸ ਦੀਆਂ ਭਾਰਤੀ ਜੜ੍ਹਾਂ ਨਾਲ ਨਹੀਂ, ਵਿਦੇਸ਼ ਨੀਤੀ ’ਤੇ ਉਸ ਦੇ ਰੁੱਖ ਵੱਲ ਵੇਖ ਕੇ ਕਰਨਾ ਚਾਹੀਦਾ ਹੈ। ਵਿਦੇਸ਼ ਨੀਤੀ ’ਤੇ ਹੈਰਿਸ ਦਾ ਕੋਈ ਪੁਰਾਣਾ ਰਿਕਾਰਡ ਨਹੀਂ ਹੈ ਤਾਂ ਭਵਿੱਖ ਦੇ ਉਸਦੇ ਰੁਖ ਦਾ ਅਨੁਮਾਨ ਲਾਉਣਾ ਮੁਸ਼ਕਲ ਹੈ। ਰਾਸ਼ਟਰੀ ਸੁਰੱਖਿਆ ਦੇ ਵਿਸ਼ੇ ’ਤੇ ਵੀ ਉਸ ਦੀ ਪਕੜ ਓਨੀ ਮਜ਼ਬੂਤ ਨਹੀਂ। ਵਿਦੇਸ਼ ਨੀਤੀ ਬਾਰੇ ਉਸਦਾ ਰਵੱਈਆ ਅਸਪੱਸ਼ਟ ਰਿਹਾ ਹੈ ਤੇ ਉਹ ਅਮਰੀਕੀ ਵਿਦੇਸ਼ ਨੀਤੀ ਲਈ ਕੋਈ ਵਿਆਪਕ ਦ੍ਰਿਸ਼ਟੀਕੋਣ ਨਹੀਂ ਰੱਖ ਸਕੀ। ਬਹੁਤੇ ਮਸਲਿਆਂ ’ਤੇ ਉਸ ਨੇ ਡ੍ਰੈਮੋਕ੍ਰੈਟਿਕ ਪਾਰਟੀ ਦੇ ਰੁਖ਼ ਦਾ ਹੀ ਸਮਰਥਨ ਕੀਤਾ ਹੈ। ਅਜਿਹੇ ਵਿੱਚ ਮੰਨਿਆ ਜਾ ਸਕਦਾ ਹੈ ਕਿ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਵਰਗੇ ਮਸਲਿਆਂ ਦੇ ਤਜਰਬੇਕਾਰ ਬਿਡੇਨ ਹੀ ਇਸ ਵਿੱਚ ਫ਼ੈਸਲਾਕੁੰਨ ਹੋਣਗੇ। ਬਿਡੇਨ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਖ਼ਤਰਿਆਂ ਦਾ ਸਾਹਮਣਾ ਕਰਨ ਵਿੱਚ ਭਾਰਤ ਦਾ ਸਾਥ ਦੇਵੇਗਾ। ਉਨ੍ਹਾਂ ਨੇ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਬਣਾਉਣ ਦਾ ਸੱਦਾ ਦਿੱਤਾ ਹੈ। ਭਾਰਤੀ ਅਮਰੀਕੀ ਭਾਈਚਾਰੇ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਵਿੱਚ ਉਨ੍ਹਾਂ ਦੀ ਪ੍ਰਚਾਰ ਮੁਹਿੰਮ ਵਿੱਚ ਪਹਿਲਾਂ ਤੋਂ ਇਹ ਰੇਖਾਂਕਿਤ ਕੀਤਾ ਜਾ ਰਿਹਾ ਹੈ ਕਿ ਜੇ ਉਹ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਐਚ-1ਬੀ ਵੀਜ਼ਾ ਤੰਤਰ ਵਿੱਚ ਸੁਧਾਰ ਅਤੇ ਗ੍ਰੀਨ ਕਾਰਡ ਲਈ ਦੇਸ਼ਾਂ ਦਾ ਕੋਟਾ ਖ਼ਤਮ ਕਰਨ ਵਾਲੇ ਪਾਸੇ ਕੰਮ ਕਰਨਗੇ।

ਓਧਰ ਡੋਨਾਲਡ ਟਰੰਪ ਦਾ ਦਾਅਵਾ ਹੈ ਕਿ ਭਾਰਤੀ ਮੂਲ ਦੇ ਵੋਟਰ ਹੈਰਿਸ ਨਾਲੋਂ ਜ਼ਿਆਦਾ ਉਨ੍ਹਾਂ ਦਾ ਸਮਰਥਨ ਕਰਦੇ ਹਨ। ਇਹ ਇਸ ਭਾਈਚਾਰੇ ਨੂੰ ਆਪਣੇ ਵੱਲ ਖਿੱਚਣ ਦੀ ਹੋੜ ਦਾ ਸੰਕੇਤ ਕਰਦਾ ਹੈ। ਇਹ ਇਸ ਲਈ ਹੋ ਰਿਹਾ ਹੈ ਕਿ ਖ਼ੁਦ ਦੇ ਏਜੰਡੇ ਨੂੰ ਅੱਗੇ ਵਧਾਉਣ ਵਿੱਚ ਆਪਣੇ ਪ੍ਰਭਾਵ ਦੀ ਵਰਤੋਂ ਕਰਨ ਵਿੱਚ ਭਾਰਤੀ ਅਮਰੀਕੀ ਭਾਈਚਾਰਾ ਕੁਝ ਮਾਹਰ ਹੋ ਗਿਆ ਹੈ। ਚਾਹੇ ਕੋਈ ਵੀ ਪਾਰਟੀ ਸੱਤਾ ਵਿੱਚ ਹੋਵੇ, ਅਮਰੀਕਾ ਲਈ ਭਾਰਤ ਇੱਕ ਮਹੱਤਵ ਪੂਰਨ ਸਾਥੀ ਰਿਹਾ ਹੈ ਜਿਸ ਨੂੰ ਲਗਾਤਾਰ ਆਪਣੇ ਨਾਲ ਰੱਖਣ ਦੇ ਯਤਨ ਹੋਏ ਹਨ। ਓਥੇ ਭਾਰਤ ਨਾਲ ਜੁੜੇ ਮੁੱਦਿਆਂ ’ਤੇ ਹੈਰਿਸ ਦੇ ਪੁਰਾਣੇ ਬਿਆਨ ਭਾਰਤੀ ਨੀਤੀਆਂ ਦੇ ਵਿਰੁੱਧ ਰਹੇ। ਧਾਰਾ 370 ਦੀ ਸਮਾਪਤੀ ’ਤੇ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਕਸ਼ਮੀਰੀਆਂ ਨੂੰ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਉਹ ਦੁਨੀਆ ਵਿੱਚ ਬਿਲਕੁਲ ਅਲੱਗ-ਥਲੱਗ ਨਹੀਂ ਅਤੇ ਅਸੀਂ ਹਾਲਾਤ ’ਤੇ ਲਗਾਤਾਰ ਨਜ਼ਰ ਟਿਕਾਈ ਬੈਠੇ ਹਾਂ। ਜੇ ਦਖ਼ਲ ਦੇਣ ਦੀ ਜ਼ਰੂਰਤ ਪਈ ਤਾਂ ਉਹ ਵੀ ਦਿੱਤਾ ਜਾਵੇਗਾ। ਉਨ੍ਹਾਂ ਨੇ ਵਿਦੇਸ਼ ਮਾਮਲਿਆਂ ਦੀ ਪਾਰਲੀਮੈਂਟਰੀ ਬੈਠਕ ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਜੈਸ਼ੰਕਰ ਵੱਲੋਂ ਹਿੱਸਾ ਨਾ ਲੈਣ ਦੀ ਵੀ ਨੁਕਤਾਚੀਨੀ ਕੀਤੀ ਸੀ ਜਿਨ੍ਹਾਂ ਨੇ ਪ੍ਰਮਿਲਾ ਜੈਪਾਲ ਦੀ ਮੌਜੂਦਗੀ ਕਾਰਨ ਇਸ ਬੈਠਕ ਤੋਂ ਕਿਨਾਰਾ ਕਰ ਲਿਆ ਸੀ। ਜੈਪਾਲ ਨੇ ਕਸ਼ਮੀਰ ਮਸਲੇ ’ਤੇ ਸਦਨ ਵਿੱਚ ਇੱਕ ਮਤਾ ਪੇਸ਼ ਕੀਤਾ ਸੀ, ਜਿਸ ਨੂੰ ਜੈਸ਼ੰਕਰ ਨੇ ਰੱਦ ਕਰ ਦਿੱਤਾ ਸੀ। ਭਾਰਤ ਵਰਗੇ ਦੇਸ਼ ਲਈ ਇਸ ਤਰ੍ਹਾਂ ਦੇ ਮਾਮਲੇ ਆਮ ਹਨ। ਹੈਰਿਸ ਦੇ ਉਕਤ ਬਿਆਨ ਜਾਂ ਉਸ ਦੀਆਂ ਭਾਰਤੀ ਜੜ੍ਹਾਂ ਸਾਡੇ ਲਈ ਅਹਿਮੀਅਤ ਦਾ ਵਿਸ਼ਾ ਨਹੀਂ ਹੋਣੀਆਂ ਚਾਹੀਦੀਆਂ। ਸਾਡੇ ਲਈ ਮਹੱਤਵ ਦਾ ਮੁੱਦਾ ਇਹੀ ਹੋਣਾ ਚਾਹੀਦਾ ਹੈ ਕਿ ਕਿਉਂ ਅਸੀਂ ਖ਼ੁਦ ਨੂੰ ਆਪਣੇ ਦੇਸ਼ ਦੀ ਤਰੱਕੀ ਦੇ ਅਨੁਰੂਪ ਨਹੀਂ ਬਣਾ ਸਕੇ? ਅਸੀਂ ਵਿਸ਼ਵ ਪੱਧਰੀ ਨਤੀਜਿਆਂ ਨੂੰ ਪ੍ਰਭਵਿਤ ਕਰਨਾ ਚਾਹੁੰਦੇ ਹਾਂ, ਪਰ ਸੰਭਾਵਨਾ ਦਾ ਲਾਹਾ ਨਹੀਂ ਲੈਂਦੇ ਕਿ ਅੱਜ ਦਾ ਭਾਰਤ ਦੂਜਿਆਂ ਦੇ ਵਿਹਾਰ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਅਮਰੀਕੀ ਵਿਦੇਸ਼ੀ ਨੀਤੀ ਦਾ ਏਜੰਡਾ 21ਵੀਂ ਸਦੀ ਵਿੱਚ ਬੁਨਿਆਦੀ ਹਕੀਕਤਾਂ ਦੇ ਆਧਾਰ ’ਤੇ ਤਿਆਰ ਹੋਵੇਗਾ। ਜਦ ਗੱਲ ਭਾਰਤ-ਅਮਰੀਕੀ ਸਬੰਧਾਂ ਦੀ ਆਉਂਦੀ ਹੈ ਤਾਂ ਉਸ ’ਤੇ ਸ਼ਖ਼ਸੀਅਤਾਂ ਲੰਬੇ ਸਮੇਂ ਤੱਕ ਭਾਰੂ ਨਹੀਂ ਰਹਿੰਦੀਆਂ। ਬਰਾਕ ਓਬਾਮਾ ਨੇ ਜਦ ਚਾਰਜ ਸੰਭਾਲਿਆ ਸੀ ਉਦੋਂ ਐਟਮੀ ਪਸਾਰੇ ਲਈ ਕਸ਼ਮੀਰ ਤੱਕ ਭਾਰਤ ਤੱਕ ਕੇ ਉਨ੍ਹਾਂ ਦਾ ਇੱਕ ਤੈਅ ਰੁਖ ਸੀ। ਇਨ੍ਹਾਂ ਮੁੱਦਿਆਂ ’ਤੇ ਉਹ ਭਾਰਤ ਨੂੰ ਚੁਣੌਤੀ ਦੇਣੀ ਚਾਹੁੰਦੇ ਸਨ, ਪਰ ਕਾਰਜਕਾਲ ਦੇ ਅੰਤ ਤੱਕ ਉਨ੍ਹਾਂ ਦੀਆਂ ਧਾਰਨਾਵਾਂ ਬਦਲ ਗਈਆਂ ਤੇ ਉਹ ਭਾਰਤ ਦੇ ਸਭ ਤੋਂ ਵੱਡੇ ਹਿਤੈਸ਼ੀ ਬਣ ਗਏ। ਟਰੰਪ ਨੇ ਵੀ ਆਪਣੀ ਚੋਣ ਮੁਹਿੰਮ ਵਿੱਚ ਚੀਨ ਦੇ ਨਾਲ ਭਾਰਤ ਨੂੰ ਵੀ ਲੰਮੇ ਹੱਥੀਂ ਲਿਆ ਸੀ, ਪਰ ਉਨ੍ਹਾਂ ਦੇ ਕਾਰਜਕਾਲ ਵਿੱਚ ਭਾਰਤ-ਅਮਰੀਕੀ ਰਿਸ਼ਤੇ ਹੋਰ ਮਜ਼ਬੂਤ ਹੋਏ ਹਨ। ਜੋਅ ਬਿਡੇਨ-ਹੈਰਿਸ ਦੀ ਜੋੜੀ ਚੋਣ ਜਿੱਤਦੀ ਹੈ ਤਾਂ ਭਾਰਤ-ਅਮਰੀਕਾ ਸਬੰਧ ਹੈਰਿਸ ਦੀਆਂ ਜੜ੍ਹਾਂ ਜਾਂ ਕਸ਼ਮੀਰ ’ਤੇ ਉਸ ਦੇ ਬਿਆਨਾਂ ਨਾਲ ਨਹੀਂ, ਉਨ੍ਹਾਂ ਬੁਨਿਆਦੀ ਹਕੀਕਤਾਂ ਤੋਂ ਨਿਰਧਾਰਤ ਹੋਣਗੇ, ਜੋ ਵਾਸ਼ਿੰਗਟਨ ਤੇ ਨਵੀਂ ਦਿੱਲੀ ਲਈ ਮਹੱਤਵ ਪੂਰਨ ਹਨ। ਬਾਕੀ ਸਭ ਫ਼ਜ਼ੂਲ ਦੀਆਂ ਗੱਲਾਂ ਹਨ।

ਇਹ ਠੀਕ ਹੈ ਕਿ ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਭਾਈਚਾਰਾ ਰਹਿੰਦਾ ਹੈ ਅਤੇ ਉਸ ਦਾ ਅਮਰੀਕੀ ਸਿਆਸਤ ’ਤੇ ਬਹੁਤ ਵੱਡਾ ਪ੍ਰਭਾਵ ਹੈ। ਜਿਹੜੀ ਪਾਰਟੀ ਨੂੰ ਭਾਰਤੀ ਭਾਈਚਾਰੇ ਦੀਆਂ ਜ਼ਿਆਦਾ ਵੋਟਾਂ ਪੈ ਜਾਂਦੀਆਂ ਹਨ, ਉਹ ਸਰਕਾਰ ਬਣਾਉਣ ਦੇ ਕਾਫ਼ੀ ਨੇੜੇ ਪੁੱਜ ਜਾਂਦੀ ਹੈ। ਇਹੀ ਕਾਰਨ ਹੈ ਕਿ ਰਿਪਬਲਿਕਨ ਤੇ ਡੈਮੋਕ੍ਰੈਟ, ਦੋਵੇਂ ਹੀ ਭਾਰਤੀ ਭਾਈਚਾਰੇ ’ਤੇ ਡੋਰੇ ਪਾਉਣ ਲੱਗੇ ਹੋਏ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਕਿਸੇ ਇੱਕ ਪਾਰਟੀ ਦੇ ਜਿੱਤਣ ਜਾਂ ਹਾਰਨ ਨਾਲ ਭਾਰਤ ਤੇ ਅਮਰੀਕਾ ਦੇ ਰਿਸ਼ਤਿਆਂ ਵਿੱਚ ਕੋਈ ਬਹੁਤ ਵੱਡਾ ਬਦਲਾਅ ਆ ਜਾਵੇਗਾ। ਇਨ੍ਹਾਂ ਦੋਵਾਂ ਮੁਲਕਾਂ ਦੇ ਰਿਸ਼ਤੇ ਸਹਿਜ ਹੀ ਰਹਿਣ ਦੇ ਅਨੁਮਾਨ ਹਨ, ਭਾਵੇਂ ਕੋਈ ਵੀ ਪਾਰਟੀ ਹਕੂਮਤ ਵਿੱਚ ਆ ਜਾਵੇ।

# ਬਿਰਧ ਅਵਸਥਾ ਇੱਕ ‘ਸਰਾਪ’ ਵੀ ਹੈ

-ਪੂਰਨ ਚੰਦ ਸਰੀਨ-

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਨੇ 19 ਅਗਸਤ 1988 ਨੂੰ ਯੂ ਐੱਨ ਓ ਵਿੱਚ ਇਹ ਮਤਾ ਪੇਸ਼ ਕੀਤਾ ਕਿ ਬਜ਼ੁਰਗਾਂ ਦੀ ਸਮਰਪਣ ਭਾਵਨਾ, ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਜ਼ਿੰਦਗੀ ਭਰ ਦੀਆਂ ਸੇਵਾਵਾਂ ਪ੍ਰਤੀ ਰਿਣੀ ਹੋਣਾ ਪ੍ਰਗਟ ਕਰਨ ਲਈ ਹਰ ਸਾਲ 21 ਅਗਸਤ ਨੂੰ ਕੌਮਾਂਤਰੀ ਪੱਧਰ ’ਤੇ ਵਿਸ਼ਵ ਬਜ਼ੁਰਗ ਭਾਵ ਸੀਨੀਅਰ ਸਿਟੀਜ਼ਨ ਦਿਵਸ ਮਨਾਇਆ ਜਾਵੇ। ਚੰਗੇ ਅਤੇ ਵਧੀਆ ਇਲਾਜ, ਬੀਮਾਰੀਆਂ ਦੀ ਰੋਕਥਾਮ ਅਤੇ ਤੰਦਰੁਸਤ ਜੀਵਨ ਸ਼ੈਲੀ ਜਾਂ ਲਾਈ ਸਟਾਈਲ ਅਪਣਾਉਣ ਨਾਲ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਣ ਨਾਲ ਪਿਛਲੇ 50 ਸਾਲਾਂ ’ਚ ਔਸਤ ਉਮਰ 18 ਸਾਲ ਵਧੀ ਹੈ। ਅਨੁਮਾਨ ਕਿ ਕੋਈ ਵਿਅਕਤੀ ਵੱਧ ਤੋਂ ਵੱਧ 120 ਸਾਲ ਤੱਕ ਜ਼ਿੰਦਾ ਰਹਿ ਸਕਦਾ ਹੈ, ਉਸ ਤੋਂ ਉਪਰ ਦੀ ਉਮਰ ਦੀਆਂ ਉਦਾਹਰਣਾਂ ਵਿਰਲੀਆਂ ਹੀ ਹੋਣਗੀਆਂ।

ਉਮਰ ਦੇ ਤਕਾਜ਼ੇ ਜਾਂ ਆਸਾਂ ਬਾਰੇ ਮਸ਼ਹੂਰ ਸ਼ਾਇਰ ਬਸ਼ੀਰ ਬਦਰ ਨੇ ਲਿਖਿਆ ਹੈ-

ਹੋਠੋਂ ਪੇ ਮੁਹੱਬਤ ਕੇ ਫਸਾਨੇ ਨਹੀਂ ਆਤੇ
ਸਾਹਿਲ ਪੇ ਸਮੁੰਦਰ ਕੇ ਖਜ਼ਾਨੇ ਨਹੀਂ ਆਤੇ
ਪਲਕੇਂ ਭੀ ਚਮਕ ਉਠਤੀ ਹੈਂ ਸੋਤੇ ਮੇਂ ਹਮਾਰੀ
ਆਂਖੋਂ ਕੋ ਅਭੀ ਖਵਾਬ ਛੁਪਾਨੇ ਨਹੀਂ ਆਤੇ

ਕੁਝ ਲੋਕ ਕਹਿੰਦੇ ਹਨ ਕਿ ਉਮਰ ਗਿਣਤੀ ਤੋਂ ਇਲਾਵਾ ਹੋਰ ਕੁਝ ਨਹੀਂ, ਕੁਝ ਲਈ ਬੋਝ ਵੀ ਹੈ ਅਤੇ ਕਈ ਲੋਕ ਇਸ ਨੂੰ ਮਜ਼ਬੂਰੀ ਦਾ ਜਿਊਣਾ ਮੰਨਦੇ ਹੋਣਗੇ ਤੇ ਬਹੁਤ ਸਾਰੇ ਨਿਦਾ ਫਾਜ਼ਲੀ ਵਾਂਗ ਇਹ ਗੁਣਗੁਣਾਉਂਦੇ ਮਿਲਣਗੇ:

ਹਮ ਹੈ ਕੁਛ ਅਪਨੇ ਲੀਏ
ਕੁਛ ਹੈਂ ਜ਼ਮਾਨੇ ਕੇ ਲੀਏ
ਘਰ ਕੇ ਬਾਹਰ ਕੀ ਫਿਜ਼ਾ
ਹੰਸਨੇ ਹੰਸਾਨੇ ਕੇ ਲੀਏ
ਯੂੰ ਲੁਟਾਤੇ ਨਾ ਫਿਰੋ ਮੋਤੀਓਂ ਵਾਲੇ ਮੌਸਮ
ਯੇ ਨਗੀਨੇ ਤੋਂ ਹੈਂ
ਰਾਤੋਂ ਕੋ ਸਜਾਨੇ ਕੇ ਲਈਏ
ਮੇਜ਼ ਪਰ ਤਾਸ਼ ਕੇ ਪੱਤੋਂ ਸੀ ਸਜੀ ਹੈ ਦੁਨੀਆ
ਕੋਈ ਖੋਨੇ ਕੇ ਲੀਏ ਹੈ
ਕੋਈ ਪਾਨੇ ਕੇ ਲੀਏ

ਜਦੋਂ ਉਮਰ ਵਧਣ ਲੱਗਦੀ ਤੇ ਉਸ ਦਾ ਅਹਿਸਾਸ ਹੋਣਾ ਲੱਗਦਾ ਹੈ ਤਾਂ ਇਹ ਤਸੱਲੀ ਦੇਣੀ ਚੰਗੀ ਹੈ ਕਿ ਬੁਢਾਪਾ ਤਾਂ ਅਜੇ ਕੋਹਾਂ ਦੂਰ ਹੈ, ਪਰ ਘਰ ਤੋਂ ਬਾਹਰ ਨਿਕਲਦੇ ਹੀ ਗੁਲਜ਼ਾਰ ਸਾਹਿਬ ਵਾਂਗ ਕੁਝ ਅਜਿਹਾ ਨਜ਼ਰ ਆਉਂਦਾ ਹੈ:

ਸ਼ਹਿਰ ਯਹ ਬਜ਼ੁਰਗ ਲਗਤਾ ਹੈ
ਫੈਲਨੇ ਲਗਾ ਹੈ ਅਬ
ਜੈਸੇ ਬੂੜੇ ਲੋਗੋਂ ਕਾ ਪੇਟ ਬੜਨੇ ਲਗਤਾ ਹੈ
ਜ਼ੁਬਾਂ ਕੇ ਜ਼ਾਇਕੇ ਵਹੀ
ਲਿਬਾਸ ਕੇ ਸਲੀਕੇ ਭੀ,
ਪਤਲੀ ਪਤਲੀ ਗਲੀਆਂ
ਧੀਰੇ ਧੀਰੇ ਚਲਤੀ ਰਹਿਤੀ ਹੈਂ
ਔਰ ਰਗੋਂ ਮੇਂ ਖੂਨ ਬਹਿਤਾ ਰਹਿਤਾ ਹੈ
ਖੁਸ਼ਕੀ ਬੜ ਗਈ ਹੈ ਜਿਸਮ ਪਰ
ਕਾਵੇਰੀ ਸੂਖੀ ਰਹਿਤੀ ਹੈ
ਸ਼ਾਮ ਕੋ ਭੀ ਜਲਦੀ ਨੀਂਦ ਆਨੇ ਲਗਤੀ ਹੈ ਇਸੇ
ਬੂੜਾ ਤੋਂ ਨਹੀਂ ਮਗਰ
ਸ਼ਹਿਰ ਯੇ ਬਜ਼ੁਰਗ ਲਗਤਾ ਹੈ!

ਇਹ ਹਕੀਕਤ ਹੈ ਕਿ ਸਾਡੀ ਸੋਚ, ਕੰਮ ਕਰਨ ਦੇ ਤਰੀਕੇ ਅਤੇ ਕੋਈ ਵੀ ਫੈਸਲਾ ਕਰਨ ’ਚ ਸਾਡੀ ਜੋ ਸੰਗਤ ਹੈ, ਜਿਸ ਨਾਲ ਰੋਜ਼ ਦਾ ਉਠਣਾ-ਬੈਠਣਾ ਹੁੰਦਾ ਹੈ ਅਤੇ ਅਸੀਂ ਕਿਸੇ ਵੀ ਮਾਮਲੇ ’ਤੇ ਜਿਨ੍ਹਾਂ ਨਾਲ ਸਲਾਹ-ਮਸ਼ਵਰਾ ਕਰਦੇ ਹਾਂ, ਉਨ੍ਹਾਂ ਦੀ ਗੱਲ ’ਤੇ ਨਾ ਸਿਰਫ ਗੌਰ ਕਰਦੇ ਹਾਂ, ਸਗੋਂ ਮੰਨਦੇ ਹਾਂ, ਉਸ ਦਾ ਨਤੀਜਾ ਭਾਵੇਂ ਚੰਗਾ ਹੋਵੇ ਜਾਂ ਬੁਰਾ, ਬਸ ਮਨ ਨੂੰ ਤਸੱਲੀ ਰਹਿੰਦੀ ਹੈ ਕਿ ਜੋ ਕੀਤਾ ਸੋਚ-ਸਮਝ ਕੇ ਕੀਤਾ, ਇਸ ਤੋਂ ਅੱਗੇ ਜੋ ਕਿਸਮਤ ’ਚ ਲਿਖਿਆ ਹੈ, ਉਹੀ ਹੋਵੇਗਾ, ਜਿਸ ’ਤੇ ਕਿਸੇ ਦਾ ਕੋਈ ਵਸ ਨਹੀਂ।

ਦੇਖਿਆ ਗਿਆ ਹੈ ਕਿ ਸੀਨੀਅਰ ਨਾਗਰਿਕ ਜਾਂ ਬਜ਼ੁਰਗ ਬਣਨ ਦੀ ਦਹਿਲੀਜ਼ ’ਤੇ, ਅਕਸਰ ਉਨ੍ਹਾਂ ਲੋਕਾਂ ਨਾਲ ਸਮਾਂ ਬਿਤਾਉਣਾ, ਉਨ੍ਹਾਂ ਨੂੰ ਆਪਣੀ ਹਰ ਗੱਲ ਕਹਿਣੀ, ਜੋ ਆਪਣੇ ਤੋਂ ਅੱਧੀ ਉਮਰ ਤੱਕ ਦੇ ਹੁੰਦੇ ਹਨ, ਚੰਗਾ ਲੱਗਦਾ ਹੈ। ਇਹ ਗੱਲ ਹੋਰ ਹੈ ਕਿ ਉਹ ਤੁਹਾਨੂੰ ਕਿਸ ਨਜ਼ਰੀਏ ਨਾਲ ਦੇਖਦੇ ਹਨ, ਪਰ ਤੁਸੀਂ ਉਨ੍ਹਾਂ ਨੂੰ ਆਪਣਾ ਰਾਜ਼ਦਾਰ ਸਮਝਣ ਲੱਗਦੇ ਹੋ। ਸੱਤਰ ਤੋਂ ਨੱਬੇ ਸਾਲ ਤੋਂ ਜ਼ਿਆਦਾ ਦੇ ਲੋਕ ਵੀ ਆਪਣੀ ਉਮਰ ਵਾਲਿਆਂ ਤੋਂ ਘੱਟ ਅਤੇ ਕਾਫੀ ਘੱਟ ਉਮਰ ਦੇ ਲੋਕਾਂ ਨਾਲ ਵੱਧ ਉਠਣਾ-ਬੈਠਣਾ ਅਤੇ ਸਮਾਂ ਬਿਤਾਉਣਾ ਪਸੰਦ ਕਰਦੇ ਹਾਂ। ਉਨ੍ਹਾਂ ਦੇ ਬੁੱਢੇ ਹੋਣ ’ਚ ਉਨ੍ਹਾਂ ਦੀ ਇਸ ਆਦਤ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ, ਭਾਵੇਂ ਇਸ ਨਾਲ ਉਨ੍ਹਾਂ ਦੀ ਬਦਨਾਮੀ ਜਾਂ ਕਿਰਕਿਰੀ ਹੀ ਕਿਉਂ ਨਾ ਹੋਵੇ। ਬੁੱਢੀ ਘੋੜੀ ਲਾਲ ਲਗਾਮ, ਬੁਢਾਪੇ ’ਚ ਮਸਤੀ ਸੁੱਝਣਾ, ਉਮਰ ਦਾ ਲਿਹਾਜ਼ ਕਰਨ ਵਰਗੇ ਵਾਕਾਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਅਜਿਹੇ ਲੋਕਾਂ ’ਤੇ ਕੋਈ ਅਸਰ ਨਹੀਂ ਹੁੰਦਾ। ਉਹ ਇਸ ਨੂੰ ਆਪਣੀ ਜ਼ਿੰਦਾਦਿਲੀ ਮੰਨ ਕੇ ਉਮਰ ਨੂੰ ਸਹੀ ਮਾਇਨੇ ’ਚ ਇੱਕ ਨੰਬਰ ਵਾਂਗ ਲੈਂਦੇ ਹੋਏ ਜਿਉਂਦੇ ਹਨ। ਇਸ ਦਾ ਮਤਲਬ ਇਹ ਹੋਇਆ ਕਿ ਜੇ ਲੰਬੀ ਉਮਰ ਲਿਖਵਾ ਕੇ ਲਿਆਏ ਹੋ ਤਾਂ ਇਸ ਨੂੰ ਆਪਣੇ ਨੌਜਵਾਨ ਦੋਸਤਾਂ, ਪਰਵਾਰਕ ਮੈਂਬਰਾਂ ਅਤੇ ਆਪਣੀ ਜਵਾਨੀ ਦੇ ਸਾਥੀਆਂ ਨਾਲ ਹੀ ਗੁਜ਼ਾਰਨਾ ਬਿਹਤਰ ਹੈ।



ਭਾਰਤ ਵਿੱਚ ਜਿਸ ਤਰ੍ਹਾਂ ਦੀ ਸਮਾਜਿਕ ਤੇ ਪਰਵਾਰਕ ਵਿਵਸਥਾ ਹੈ, ਸਿਹਤ ਸੇਵਾਵਾਂ ਦਾ ਜੋ ਹਾਲ ਹੈ ਤੇ ਆਰਥਿਕ ਤੌਰ ’ਤੇ ਜਾਂ ਸਰਕਾਰ ਦੀ ਪੈਨਸ਼ਨ ਮਿਲਦੀ ਨਹੀਂ, ਜੇ ਮਿਲਦੀ ਹੋਵੇ, ਬਜ਼ੁਰਗ ਹੋਣਾ ਅਕਸਰ ਇੱਕ ਸਰਾਪ ਬਣ ਜਾਂਦਾ ਹੈ। ਇਸ ਲਈ ਜ਼ਿਆਦਾਤਰ ਲੋਕਾਂ ’ਚ ਆਮ ਤੌਰ ’ਤੇ ਹਰ ਚੀਜ਼ ਦੀ ਇੱਛਾ ਹੋ ਸਕਦੀ ਹੈ, ਪਰ ਉਮਰ ਵਧਣ ਦੀ ਨਹੀਂ। ਜੋ ਕੰਮ ਕਰਦਾ ਰਿਹਾ, ਉਹ ਤਦ ਤੱਕ ਦਿੰਦਾ ਰਿਹਾ, ਜਦ ਤੱਕ ਉਸ ਨੇ ਕੰਮ ਕਰਨਾ ਬੰਦ ਨਹੀਂ ਕੀਤਾ, ਪਰ ਉਸਦੇ ਬਾਅਦ ਕੀ, ਇਹ ਸਵਾਲ ਸਾਹਮਣੇ ਆਉਣ ’ਤੇ ਉਸ ਦੀ ਮਾਨਸਿਕਤਾ ਅਜਿਹੀ ਹੋ ਜਾਂਦੀ ਹੈ ਕਿ ਜਿਉਣ ਲਈ ਮਨ ਨਹੀਂ ਕਰਦਾ ਅਤੇ ਵਧਦੀ ਉਮਰ ਬੋਝ ਲੱਗਣ ਲੱਗਦੀ ਹੈ ਅਤੇ ਜੀਵਨ ਇੱਕ ਸਰਾਪ ਵਾਂਗ ਗੁਜ਼ਾਰਨ ਲੱਗਦਾ ਹੈ।

ਸੀਨੀਅਰ ਨਾਗਰਿਕਾਂ ਲਈ ਕਹਿਣ ਵਾਸਤੇ ਤਾਂ ਸਰਕਾਰ ਅਨੇਕ ਯੋਜਨਾਵਾਂ ਅਤੇ ਸਹੂਲਤਾਂ ਘੜਦੀ ਰਹਿੰਦੀ ਹੈ ਪਰ ਅੱਜ ਤੱਕ ਰੇਲ ’ਚ ਚੜ੍ਹਨਾ ਹੋਵੇ ਜਾਂ ਪੌੜੀਆਂ ਉਤਰਨਾ ਹੋਵੇ ਜਾਂ ਫਿਰ ਆਪਣੇ ਕਿਸੇ ਅਧਿਕਾਰ ਲਈ ਲੜਨਾ ਹੋਵੇ ਤਾਂ ਉਸ ਸਮੇਂ ਉਨ੍ਹਾਂ ਨੂੰ ਜਿੰਨੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਦੀਆਂ ਇੱਕ-ਦੋ ਨਹੀਂ, ਹਜ਼ਾਰਾਂ ਉਦਾਹਰਣਾਂ ਮਿਲ ਜਾਣਗੀਆਂ। ਇਹ ਸਰਕਾਰ ਤੇ ਸਮਾਜ ਦੀ ਕਮੀ ਹੈ ਕਿ ਬੁੱਢੇ ਹੋਣ ’ਤੇ ਕੋਈ ਬੀਮਾ ਕੰਪਨੀ ਬੀਮਾ ਨਹੀਂ ਕਰਦੀ। ਜੇ ਕੋਈ ਇਕੱਲਾ ਰਹਿੰਦਾ ਹੋਵੇ ਅਤੇ ਬੀਮਾਰ ਪੈ ਜਾਵੇ ਤਾਂ ਉਸ ਨੂੰ ਡਾਕਟਰ ਅਤੇ ਹਸਪਤਾਲ ਨਿਆਸਰਾ ਅਤੇ ਬੇਸਹਾਰਾ ਮਨ ਕੇ ਦੁਰਗਤੀ ਕਰਨ ਤੋਂ ਨਹੀਂ ਖੁੰਝਦੇ।

ਵਧਦੀ ਉਮਰ ’ਚ ਡਾਕਟਰੀ ਵਿਗਿਆਨ ਅਨੁਸਾਰ ਸਾਡੇ ਦਿਮਾਗ ਦਾ ਆਕਾਰ ਸੁੰਗੜਨ ਲੱਗਦਾ ਹੈ, ਫੇਫੜਿਆਂ ਦਾ ਲਚਕੀਲਾਪਣ ਘੱਟ ਹੋਣ ਨਾਲ ਸਾਹ ਲੈਣ ਅਤੇ ਛੱਡਣ ’ਚ ਕਸ਼ਟ ਹੁੰਦਾ ਹੈ, ਦਿਲ ਦੀਆਂ ਨਾੜਾਂ ਵਿੱਚ ਰੁਕਾਵਟ ਪੈਦਾ ਹੋਣ ਨਾਲ ਖ਼ੂਨ ਦਾ ਪ੍ਰਵਾਹ ਠੀਕ ਨਹੀਂ ਹੁੰਦਾ, ਸਿਰ ਤੋਂ ਪੈਰ ਤੱਕ ਕਿਸੇ ਨਾ ਕਿਸੇ ਅੰਗ ’ਚ ਦਰਦ ਰਹਿਣ ਲੱਗਦਾ ਤੇ ਚੱਲਣ-ਫਿਰਨ ’ਚ ਤਕਲੀਫ ਹੁੰਦੀ ਹੈ, ਅਜਿਹੇ ’ਚ ਜੇ ਰੁਪਏ-ਪੈਸੇ ਦੀ ਪ੍ਰੇਸ਼ਾਨੀ ਹੋ ਜਾਵੇ ਤਾਂ ਦੁੱਖਾਂ ਦੇ ਅੰਬਾਰ ਲੱਗਣ ’ਚ ਸਮਾਂ ਨਹੀਂ ਲੱਗਦਾ। ਇਸ ਲਈ ਹਮੇਸ਼ਾ ਆਪਣੇ ਬੁਢਾਪੇ ਲਈ ਚੰਗੀ ਵੱਡੀ ਰਕਮ ਬਚਾ ਕੇ ਰੱਖਣ ’ਚ ਹੀ ਸਮਝਦਾਰੀ ਹੈ।

ਅੰਤ ’ਚ ਇਹ ਗੱਲ ਕਹੀ ਜਾ ਸਕਦੀ ਹੈ ਕਿ ਜੇ ਕਿਸੇ ਨੂੰ ਖੂੰਡੀ ਲੈ ਕੇ ਚੱਲਦੇ ਦੇਖੋ ਤਾਂ ਇਹ ਨਾ ਸਮਝ ਲੈਣਾ ਕਿ ਉਹ ਬੇਸਹਾਰਾ, ਮੋਹਤਾਜ਼ ਹੈ ਸਗੋਂ ਉਹ ਆਤਮਨਿਰਭਰ ਹੈ। ਉਸ ਨੇ ਕਿਸੇ ਦੇ ਮੋਢੇ ਦਾ ਸਹਾਰਾ ਨਹੀਂ ਲਿਆ, ਆਸ਼ਰਿਤ ਨਹੀਂ ਬਣਿਆ। ਉਸ ਦੇ ਚਿਹਰੇ ਅਤੇ ਹੱਥਾਂ ਦੀਆਂ ਝੁਰੜੀਆਂ ਦਾ ਮਤਲਬ ਇਹ ਹੈ ਕਿ ਇਥੇ ਕਦੇ ਮੁਸਕਾਨ ਰਹਿੰਦੀ ਸੀ। ਜੇਕਰ ਕਿਸੇ ਅਜਿਹੇ ਵਿਅਕਤੀ ਨੂੰ ਹਸਾ ਸਕੋ ਤਾਂ ਸਮਝਣਾ ਕਿ ਰੱਬ ਦੇ ਦਰਸ਼ਨ ਹੋ ਗਏ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਿੰਨੀ ਕਹਾਣੀ

### ਨਰਸ

-ਜਸਵਿੰਦਰ ਕੌਰ ਦੱਧਾਹੂਰ

ਡਿਊਟੀ ਤੋਂ ਘਰ ਪਰਤੀ ਰੀਤ ਨੇ ਘਰ ਆਏ ਰਿਸ਼ਤੇਦਾਰ ਦੇਖੇ ਤਾਂ ਫਟਾਫਟ ਨਹਾ-ਧੋ ਕੇ ਉਨ੍ਹਾਂ ਨੂੰ ਮਿਲਣ ਲਈ ਮਹਿਮਾਨ ਕਮਰੇ 'ਚ ਆਈ, ਪਰ ਅੱਗਿਓਂ ਰਿਸ਼ਤੇਦਾਰਾਂ ਨੇ ਉਸ ਨੂੰ ਮਿਲਣ ਲਈ ਕੋਈ ਉਚੇਚ ਨਾ ਦਿਖਾਇਆ। ਰੀਤ ਨੂੰ ਇਹ ਗੱਲ ਕਾਫੀ ਖਟਕੀ, ਪਰ ਉਸ ਨੇ ਕੁਝ ਜ਼ਾਹਰ ਨਾ ਹੋਣ ਦਿੱਤਾ। ਉਸ ਪਿੱਛੋਂ ਇਨ੍ਹੀਂ ਦਿਨੀਂ ਜੋ ਵੀ ਰਿਸ਼ਤੇਦਾਰ ਉਨ੍ਹਾਂ ਦੇ ਘਰ ਆਉਂਦੇ, ਸਭ ਦਾ ਰੀਤ ਪ੍ਰਤੀ ਰੁੱਖਾ ਵਤੀਰਾ ਉਸ ਨੂੰ ਪਰੇਸ਼ਾਨ ਕਰ ਦਿੰਦਾ।

ਰੀਤ ਨੇ ਇੱਕ ਦਿਨ ਆਪਣੀ ਪ੍ਰੇਸ਼ਾਨੀ ਮਾਂ ਅੱਗੇ ਜ਼ਾਹਰ ਕੀਤੀ, ‘‘ਮੰਮੀ, ਪਹਿਲਾਂ ਮਾਸੀ ਜੀ ਮੈਨੂੰ ਜੱਫੀ 'ਚ ਲੈ ਕੇ ਮਿਲਦੇ ਸੀ ਤੇ ਆਹ ਭੂਆ ਜੀ ਕਦੇ ਕੋਲੋਂ ਨਹੀਂ ਉਠਣ ਦਿੰਦੇ ਸੀ, ਪਰ ਅੱਜ ਇਹ ਢੰਗ ਨਾਲ ਗੱਲ ਵੀ ਨਹੀਂ ਕਰਦੇ।’’

‘ਪੁੱਤ, ਆਹ ਚੰਦਰੀ ਕੋਰੋਨਾ ਦੀ ਬਿਮਾਰੀ ਨੇ ਅਸਲ 'ਚ ਰਿਸ਼ਤਿਆਂ 'ਚ ਦੂਰੀਆਂ ਪਾ ਦਿੱਤੀਆਂ ਨੇ। ਆਪਣੇ ਸਭ ਰਿਸ਼ਤੇਦਾਰ ਸਰੀਰਕ ਦੂਰੀ ਦੇ ਨਿਯਮ ਦੀ ਪਾਲਣਾ ਕਰਦੇ ਐ।’’ ਮਾਂ ਨੇ ਰੀਤ ਨੂੰ ਧਰਵਾਸ ਦਿੱਤਾ।

‘‘ਫੇਰ ਇਥੇ ਤੀਜੇ ਦਿਨ ਲੈਣ ਕੀ ਆਉਂਦੇ ਐ? ਮੰਮੀ, ਇਸ ਵਾਇਰਸ ਨੇ ਤਾਂ ਅਸਲ 'ਚ ਰਿਸ਼ਤਿਆਂ ਦੀ ਪਛਾਣ ਕਰਾ ਦਿੱਤੀ ਐ। ਮੈਂ ਵੀ ਅੱਗੇ ਤੋਂ ਮਾਸੀ ਹੁਰਾਂ ਨਾਲ ਬੋਲਣਾ ਨੀ।’’ ਰੀਤ ਨੇ ਸ਼ਿਕਵਾ ਕੀਤਾ।

‘‘ਪੁੱਤ ਕੀ ਦੱਸਾਂ? ਇਹ ਸਭ ਤੇਰੀ ਨੌਕਰੀ ਕਰ ਕੇ ਐ। ਅੱਜ ਤਾਂ ਦੁੱਧ ਵਾਲਿਆਂ ਦੇ ਘਰੋਂ ਵੀ ਜਵਾਬ ਮਿਲ ਗਿਆ। ਕਹਿੰਦੇ ਤੁਸੀਂ ਸਾਡੇ ਘਰੇ ਨਾ ਆਇਆ ਕਰੋ ਦੁੱਧ ਲੈਣ। ਥੋਡੀ ਕੁੜੀ ਤਾਂ ਨਰਸ ਐ। ਪਤਾ ਨ੍ਹੀਂ ਕਿਹੋ ਜਿਹੇ ਮਰੀਜ਼ ਸਾਂਭਦੀ ਐ ਰੋਜ਼।’’ ਮਾਂ ਦੇ ਮੂੰਹੋਂ ਇਹ ਸਭ ਸੁਣ ਕੇ ਰੀਤ ਤੜਫ ਉਠੀ।

ਉਹ ਸੋਚ ਰਹੀ ਸੀ ਕਿ ਜਿਨ੍ਹਾਂ ਲੋਕਾਂ ਲਈ ਉਹ ਤੇ ਉਹਦੇ ਵਰਗੇ ਅਨੇਕਾਂ ਮੁਲਾਜ਼ਮ ਜਾਨ ਤਲੀ 'ਤੇ ਧਰ ਕੇ ਦਿਨ-ਰਾਤ ਕੰਮ ਕਰ ਰਹੇ ਹਨ, ਉਹ ਲੋਕ ਉਨ੍ਹਾਂ ਦੇ ਪਰਵਾਰਾਂ ਤੋਂ ਵੀ ਕੰਨੀਂ ਕਤਰਾਉਂਦੇ ਹਨ। ਇੰਨੇ ਨੂੰ ਉਸ ਨੇ ਆਪਣੀ ਮਾਂ ਨੂੰ ਗਵਾਂਢਣ ਨਾਲ ਫੋਨ 'ਤੇ ਗੱਲ ਕਰਦਿਆਂ ਸੁਣਿਆ, ਜੋ ਰੀਤ ਨੂੰ ਹਸਪਤਾਲ ਵਿੱਚ ਡਾਕਟਰ ਤੋਂ ਪਰਚੀ ਕਟਵਾਉਣ ਲਈ ਕਹਿ ਰਹੀ ਸੀ। ਰੀਤ ਨੇ ਮਾਂ ਨੂੰ ਵਿੱਚੇ ਟੋਕ ਕੇ ਕਿਹਾ, ‘‘ਮੰਮੀ, ਆਂਟੀ ਨੂੰ ਕਹਿ ਦਿਓ ਸਾਡੀ ਕੁੜੀ ਤੋਂ ਦੂਰ ਹੀ ਰਹੋ ਇਹ ਤਾਂ ਨਰਸ ਐ।’’ ਰੀਤ ਦੀਆਂ ਅੱਖਾਂ 'ਚੋਂ ਹੰਝੂ ਡਿੱਗੇ, ਜੋ ਉਸ ਨੇ ਬੜੀ ਚਲਾਕੀ ਨਾਲ ਮਾਂ ਤੋਂ ਲੁਕਾ ਲਏ ਤੇ ਡਿਊਟੀ ਲਈ ਘਰੋਂ ਬਾਹਰ ਹੋ ਗਈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਔਰਤ ਸਮਾਨਤਾ ਦਿਵਸ 26 ਅਗਸਤ 'ਤੇ ਵਿਸ਼ੇਸ਼

# ਭਾਰਤ ਵਿੱਚ ਔਰਤਾਂ ਦੇ ਹੱਕਾਂ ਦਾ ਹੋ ਰਿਹਾ ਹੈ ਤ੍ਰਿਸਕਾਰ



ਗੁਰਮੀਤ ਸਿੰਘ ਪਲਾਹੀ

ਔਰਤਾਂ ਦੇ ਹੱਕਾਂ ਨੂੰ ਮਨੁੱਖੀ ਹੱਕਾਂ ਵਜੋਂ ਵੇਖਿਆ ਜਾਂਦਾ ਹੈ। ਔਰਤਾਂ ਦੇ ਇਹ ਹੱਕ ਘਰੇਲੂ ਹਿੰਸਾ, ਗ਼ੁਲਾਮੀ ਅਤੇ ਵਿਤਕਰੇ ਤੋਂ ਮੁਕਤੀ ਵਜੋਂ ਤਾਂ ਪ੍ਰਵਾਨੇ ਜਾਣ ਦੀ ਗੱਲ ਕੀਤੀ ਹੀ ਜਾਂਦੀ ਹੈ ਪਰ ਨਾਲ ਦੀ ਨਾਲ ਮਰਦਾਂ ਬਰੋਬਰ ਸਿੱਖਿਆ, ਕ੍ਰਿਤ ਕਮਾਈ ਤੋਂ ਬਰੋਬਰ ਤਨਖਾਹ ਅਤੇ ਜਾਇਦਾਦ ਦਾ ਅਧਿਕਾਰ ਵੀ ਉਸ ਦੇ ਹੱਕਾਂ ਵਿਚ ਸ਼ਾਮਲ ਹੈ। ਦੁਨੀਆਂ ਭਰ ਵਿਚ ਵੱਖੋ-ਵੱਖਰੀਆਂ ਰਿਵਾਇਤਾਂ, ਕਾਨੂੰਨ ਅਤੇ ਵਰਤਾਰੇ ਤਹਿਤ ਔਰਤਾਂ ਨੂੰ ਸਦੀਆਂ ਤੋਂ ਲਿਤਾੜਿਆ ਜਾਂਦਾ ਰਿਹਾ। ਉਹਨਾਂ ਦੇ ਜਜ਼ਬਿਆਂ ਦਾ ਘਾਣ ਕੀਤਾ ਜਾਂਦਾ ਰਿਹਾ। ਭਾਵੇਂ ਸਮੇਂ-ਸਮੇਂ 'ਤੇ ਸਮਾਜ 'ਚ ਕੁਝ ਚਿੰਤਕਾਂ ਨੇ ਔਰਤਾਂ ਦੇ ਹੱਕਾਂ ਲਈ ਆਵਾਜ਼ ਉਠਾਈ, ਉਹਨਾਂ ਨੂੰ ਮਰਦਾਂ ਬਰਾਬਰ ਅਧਿਕਾਰਾਂ ਦੀ ਵਕਾਲਤ ਕੀਤੀ। ਔਰਤਾਂ ਦੇ ਹੱਕਾਂ ਲਈ ਅਮਰੀਕਾ, ਕੈਨੇਡਾ ਅਤੇ ਹੋਰ ਪੱਛਮੀ ਦੇਸ਼ਾਂ ਅਤੇ ਚੀਨੀ ਇਨਕਲਾਬ ਵੇਲੇ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਅਤੇ ਵੋਟ ਦਾ ਅਧਿਕਾਰ ਦੇਣ ਲਈ ਮੁਹਿੰਮਾਂ ਛਿੜੀਆਂ। ਪੱਛਮੀ ਦੁਨੀਆਂ ਵਿਚ ਪਹਿਲੇ ਪੜਾਅ 'ਚ ਮੱਧ ਵਰਗ ਅਤੇ ਉੱਚ ਵਰਗ ਦੀਆਂ ਔਰਤਾਂ ਨੂੰ ਸਿਆਸੀ ਦੁਨੀਆਂ 'ਚ ਪ੍ਰਵੇਸ਼ ਲਈ ਅਧਿਕਾਰ ਮਿਲੇ। ਦੂਜੇ ਪੜਾਅ ਅਤੇ ਤੀਜੇ ਪੜਾਅ ਵਿਚ ਔਰਤਾਂ ਨੂੰ ਸਿੱਖਿਆ, ਕੰਮ ਦੇ ਖੇਤਰ ਅਤੇ ਵੋਟ ਦਾ ਬਰੋਬਰ ਅਧਿਕਾਰ ਮਿਲਿਆ। ਪਰ ਯੂਨਾਈਟਿਡ ਨੈਸ਼ਨਲ ਹਿਊਮਨ ਡਿਵੈਲਪਮੈਂਟ ਦੀ 2004 ਦੀ ਇਕ ਰਿਪੋਰਟ ਅਨੁਸਾਰ ਇਕ ਔਰਤ ਨੂੰ ਮਰਦਾਂ ਦੇ ਮੁਕਾਬਲੇ 20ਫੀਸਦੀ ਵੱਧ ਕੰਮ ਕਰਨਾ ਪੈਂਦਾ ਹੈ ਭਾਵੇਂ ਕਿ ਉਹ ਘਰ ਦੇ ਕੰਮ ਹੀ ਕਿਉਂ ਨਾ ਹੋਣ? ਯੂਨਾਈਟਿਡ ਨੈਸ਼ਨਲ ਅਨੁਸਾਰ ਦੁਨੀਆਂ 'ਚ ਕੁਲ ਕੀਤੇ ਜਾਂਦੇ ਕੰਮਾਂ ਵਿਚ 66ਫੀਸਦੀ ਹਿੱਸਾ ਔਰਤਾਂ ਦਾ ਹੈ (ਭਾਰਤ ਦੀ ਫੀਸਦੀ 48 ਹੈ) ਉਹ 50ਫੀਸਦੀ ਖਾਣ ਵਾਲੇ ਪਦਾਰਥ ਪੈਦਾ ਕਰਦੀਆਂ ਹਨ ਅਤੇ ਉਹਨਾਂ ਨੂੰ ਕੰਮ ਬਦਲੇ ਸਿਰਫ਼ 10ਫੀਸਦੀ ਆਮਦਨ ਪ੍ਰਾਪਤ ਹੁੰਦੀ ਹੈ ਅਤੇ ਇਕ ਫੀਸਦੀ ਔਰਤਾਂ ਹੀ ਜਾਇਦਾਦ ਦੀਆਂ ਮਾਲਕ ਹਨ। ਦੁਨੀਆਂ ਭਰ ਵਿਚ ਭਾਵੇਂ ਹੁਣ ਨੌਕਰੀਪੇਸ਼ਾ ਔਰਤਾਂ ਦੀ ਗਿਣਤੀ ਵਧੀ ਹੈ, ਪਰ ਦੁਨੀਆਂ ਦੀਆਂ ਕੁਲ ਪਾਰਲੀਮੈਂਟਾਂ ਵਿਚ ਉਹਨਾਂ ਦੀ ਫੀਸਦੀ ਸਿਰਫ਼ 24.3 ਹੈ। ਇਹ ਫੀਸਦੀ ਭਾਰਤ ਵਿਚ 14 ਹੈ। ਇਹ ਸਥਿਤੀ ਸਿਰਫ਼ ਕੰਮ ਦੇ ਖੇਤਰ ਜਾਂ ਸਿਆਸੀ ਖੇਤਰ ਦੀ ਹੀ ਨਹੀਂ ਹੈ, ਸਗੋਂ ਮਿਲੇ ਦੂਜੇ ਅਧਿਕਾਰਾਂ ਦੀ ਵੀ ਹੈ।

ਲੜਕੀਆਂ ਔਰਤਾਂ ਦੀ ਭਾਰਤ ਵਿਚਲੀ ਸਥਿਤੀ ਕੋਈ ਬਹੁਤੀ ਸੁਖਾਵੀਂ ਨਹੀਂ। ਭਰੂਣ ਹੱਤਿਆ (ਪੇਟ 'ਚ ਲੜਕੀਆਂ ਦਾ ਕਤਲ), ਦਾਜ ਦਹੇਜ ਦੇ ਮਾਮਲੇ 'ਚ ਦੁਰਵਿਵਹਾਰ, ਛੋਟੀ ਉਮਰ ਵਿਚ ਸ਼ਾਦੀ-ਵਿਆਹ, ਨੌਕਰੀਆਂ ਜਾਂ ਕ੍ਰਿਤ 'ਚ ਘੱਟ ਤਨਖਾਹ, ਘਰੇਲੂ ਹਿੰਸਾ, ਸਿੱਖਿਆ ਲਈ ਲੜਕੀਆਂ ਨੂੰ ਪਿੱਛੇ ਸੁੱਟੀ ਰੱਖਣਾ ਇਹੋ ਜਿਹਾ ਵਰਤਾਰਾ ਹੈ, ਜੋ ਭਾਰਤ 'ਚ ਔਰਤਾਂ ਦੀ ਦਰਦਨਾਕ ਸਥਿਤੀ ਵਰਨਣ ਕਰਦਾ ਹੈ। ਬਚਪਨ 'ਚ ਲੜਕੀਆਂ ਨੂੰ ਮਿਲਦੀ ਲੜਕਿਆਂ ਦੇ ਮੁਕਾਬਲੇ ਘੱਟ ਖੁਰਾਕ, ਬਹੁਤੇ ਸਮਾਜਾਂ ਵਿਚ ਸਿੱਖਿਆ ਨਾ ਦੇਣ ਦੀ ਪ੍ਰਵਿਰਤੀ, ਲੜਕਿਆਂ ਦੇ ਮੁਕਾਬਲੇ ਲੜਕਿਆਂ 'ਚ ਅਜੀਬ ਕਿਸਮ ਦੀ ਹੀਣਭਾਵਨਾ ਪੈਦਾ ਕਰਦੀ ਹੈ। ਭਾਵੇਂ ਕਿ ਅਜੋਕੇ ਸਮੇਂ 'ਚ ਸਿੱਖਿਆ ਦੇ ਖੇਤਰ 'ਚ ਲੜਕੀਆਂ ਵੱਡੀਆਂ ਮੱਲਾਂ ਮਾਰ ਰਹੀਆਂ ਹਨ, ਸਕੂਲ-ਕਾਲਜਾਂ ਵਿਚਲੀਆਂ ਪ੍ਰੀਖਿਆਵਾਂ ਵਿਚ ਉੱਚੇ ਸਥਾਨ ਮੱਲ ਰਹੀਆਂ ਹਨ। ਪਰ ਉਚੇਰੀ ਸਿੱਖਿਆ ਲਈ ਬਹੁਤ ਘੱਟ ਗਿਣਤੀ ਵਿਚ ਲੜਕੀਆਂ ਸਿੱਖਿਆ ਪ੍ਰਾਪਤ ਕਰਦੀਆਂ ਹਨ। ਇਹੋ ਹਾਲ ਦੇਸ਼ ਦੀਆਂ ਪ੍ਰਸ਼ਾਸ਼ਨਿਕ ਨੌਕਰੀਆਂ ਅਤੇ ਹੋਰ ਨੌਕਰੀਆਂ ਵਿਚ ਹੈ। ਪੇਂਡੂ ਲੜਕੀਆਂ/ਔਰਤਾਂ ਦੀ ਹਾਲਤ ਸ਼ਹਿਰ 'ਚ ਰਹਿੰਦੀਆਂ ਔਰਤਾਂ ਦੇ ਮੁਕਾਬਲੇ ਬਹੁਤ ਮੰਦੀ ਹੈ। ਸ਼ਹਿਰੀ ਖੇਤਰ ਦੇ ਸਲੱਮ ਏਰੀਆ ਵਿਚ ਤਾਂ ਲੜਕੀਆਂ/ਔਰਤਾਂ ਸਬੰਧੀ ਬਹੁਤ ਕੁਝ ਅਣਸੁਖਾਵਾਂ ਵੇਖਣ ਨੂੰ ਮਿਲਦਾ ਹੈ। ਇਥੇ ਘਰੇਲੂ ਹਿੰਸਾ, ਕੁੱਟਮਾਰ, ਭੁੱਖਮਰੀ ਆਮ ਹੈ। ਇਹੋ ਜਿਹੀ ਦਰਦਨਾਕ ਹਾਲਤ ਵਿਚ ਕੋਵਿਡ-19 ਨੇ ਹੋਰ ਵਾਧਾ ਕੀਤਾ ਹੈ। ਔਰਤਾਂ ਨਾਲ ਦੇਸ਼ ਭਰ 'ਚ ਘਰਾਂ 'ਚ ਬਦਸਲੂਕੀ, ਬਲਾਤਕਾਰ ਦੀਆਂ ਘਟਨਾਵਾਂ, ਜ਼ਬਰਦਸਤੀ ਸੈਕਸ ਨੇ ਔਰਤਾਂ ਦੀ ਸਥਿਤੀ ਬਦ ਤੋਂ ਬਦਤਰ ਕੀਤੀ ਹੈ। ਕੁਲ 160 ਦੇਸ਼ਾਂ ਵਿਚੋਂ ਭਾਰਤ ਦਾ ਸਥਾਨ ਔਰਤਾਂ ਦੀ ਸਥਿਤੀ ਦੇ ਮਾਮਲੇ ਉੱਤੇ 127ਵਾਂ ਹੈ। ਸੈਕੰਡਰੀ ਸਿੱਖਿਆ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਸਿਰਫ਼ 39ਫੀਸਦੀ ਹਨ ਜਦਕਿ ਮਰਦਾਂ ਦੀ ਫੀਸਦੀ 61ਫੀਸਦੀ ਹੈ। ਸਾਲ 2018 'ਚ ਥਾਮਸਨ ਰਿਊਪਰ ਫਾਊਂਡੇਸ਼ਨ ਨੇ ਭਾਰਤ 'ਚ ਔਰਤਾਂ ਦੀ ਸਥਿਤੀ ਬਾਰੇ ਲਿਖਿਆ ਕਿ ਭਾਰਤ ਸੈਕਸ ਹਿੰਸਾ ਦੇ ਮਾਮਲੇ 'ਚ ਦੁਨੀਆਂ ਦਾ ਸਭ ਤੋਂ ਭਿਅੰਕਰ ਦੇਸ਼ ਹੈ। ਭਾਵੇਂ ਕਿ ਦੇਸ਼ ਦੇ ਭਾਰਤੀ ਵੂਮੈਨ ਕਮਿਸ਼ਨ ਨੇ ਇਸ ਰਿਪੋਰਟ ਨੂੰ ਨਕਾਰਿਆ ਹੈ। ਪਰ ਇਸ ਤੱਥ ਨੂੰ ਕਿਵੇਂ ਨਕਾਰਿਆ ਜਾ ਸਕਦਾ ਹੈ ਕਿ ਮਰਦ ਔਰਤ ਨੂੰ ਅਰਧਾਂਗਨੀ ਜਾਂ ਵੈਟਰਹਾਫ ਆਖਦਾ ਹੈ ਅਤੇ ਪਤੀ, ਆਪਣੀ ਪਤਨੀ ਨੂੰ ਬਰਾਬਰ ਦਾ ਅਧਿਕਾਰ ਦੇਣ ਲਈ ਜਾਂ ਉਸਨੂੰ ਬਣਦਾ ਮਹੱਤਵ ਦੇਣ ਲਈ ਵੀ ਤਿਆਰ ਨਹੀਂ ਹੈ। ਮੁਸਲਿਮ ਔਰਤਾਂ ਦੀ ਸਥਿਤੀ ਉਸ ਵੇਲੇ ਹੋਰ ਵੀ ਔਖੀ ਹੁੰਦੀ ਹੈ, ਜਦੋਂ ਉਸਨੂੰ ਬੁਰਕੇ ਵਿਚ ਰਹਿ ਕੇ ਸਮਾਜ ਵਿਚ ਵਿਚਰਨਾ ਪੈਂਦਾ ਹੈ। ਭਾਵੇਂ ਕਿ ਹਿੰਦੂ ਔਰਤਾਂ ਵੀ ਘੁੰਡ ਕੱਢ ਕੇ ਓਪਰੇ ਮਰਦਾਂ ਤੋਂ ਚਿਹਰਾ ਛੁਪਾਉਂਦੀਆਂ ਹਨ। ਬਿਨਾਂ ਸ਼ੱਕ ਔਰਤਾਂ/ਲੜਕੀਆਂ ਹੁਸ਼ਿਆਰ ਹਨ, ਮਿਹਨਤੀ ਹਨ, ਆਪਣੇ ਕੰਮ 'ਚ ਮਾਹਰ ਹਨ। ਉਹ ਕੰਮ ਵਾਲੇ ਥਾਵਾਂ 'ਚ ਪੂਰੇ ਮਨੋਂ ਕੰਮ ਕਰਦੀਆਂ ਹਨ। ਅਧਿਆਪਕਾਂ ਵਜੋਂ ਕੰਮ ਕਰਦੀਆਂ ਔਰਤਾਂ/ਲੜਕੀਆਂ ਨੇ ਦੇਸ਼ ਵਿਚ ਆਪਣੀ ਪਹਿਚਾਣ ਬਣਾਈ ਹੋਈ ਹੈ। ਨਰਸਿੰਗ ਦੇ ਖੇਤਰ 'ਚ ਉਸਦੀਆਂ ਵਿਲੱਖਣ ਪ੍ਰਾਪਤੀਆਂ ਹਨ। ਪਰ ਕੰਮ ਵਾਲੇ ਥਾਵਾਂ ਉੱਤੇ ਉਹਨਾਂ ਨਾਲ ਕਈ ਹਾਲਤਾਂ ਵਿਚ ਇਹੋ ਜਿਹਾ ਵਰਤਾਰਾ ਕੀਤਾ ਜਾਂਦਾ ਹੈ ਕਿ ਉਹ ਬਹੁਤੀਆਂ ਹਾਲਤਾਂ ਵਿਚ ਆਪਣੇ ਆਪ ਨੂੰ ਬੇਬੱਸ ਸਮਝਦੀਆਂ ਹਨ। ਕੰਮ ਵਾਲੇ ਥਾਵਾਂ 'ਤੇ ਜਾਂ ਮਾਰਕੀਟ ਵਿਚ ਜਾਂ ਬੱਸਾਂ, ਰੇਲਾਂ 'ਚ ਸਫ਼ਰ ਕਰਦਿਆਂ ਉਹਨਾਂ ਨੂੰ ਜਿਸ ਕਿਸਮ ਦੇ ਗੰਦੇ ਇਸ਼ਾਰਿਆਂ, ਗੁੰਡੇ ਬੋਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਨਾਲ ਉਹਨਾਂ ਦਾ ਮਨ ਵਲੂੰਧਰਿਆ ਜਾਂਦਾ ਹੈ। ਹੈਰਾਨੀ ਅਤੇ ਪ੍ਰੇਸ਼ਾਨੀ ਦੀ ਗੱਲ ਤਾਂ ਇਹ ਹੈ ਕਿ ਛੋਟੀਆਂ ਲੜਕੀਆਂ, ਔਰਤਾਂ ਨਾਲ ਘਰਾਂ 'ਚ ਇਕੱਲਿਆ ਵੇਖ ਕੇ ਜੋ ਬਲਾਤਕਾਰ, ਛੇੜਖਾਨੀ ਦੀਆਂ ਘਟਨਾਵਾਂ ਹੁੰਦੀਆਂ ਹਨ, ਉਹ ਉਹਨਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਜਾਂ ਜਾਣੂ-ਪਛਾਣੂ ਲੋਕਾਂ ਵੱਲੋਂ ਹੁੰਦੀਆਂ ਹਨ। 2012-16 ਦੇ ਨੈਸ਼ਨਲ ਕਰਾਈਮ ਬਿਊਰੋ ਦੇ ਅੰਕੜਿਆਂ ਅਨੁਸਾਰ ਹੋਏ ਕੁਲ ਬਲਾਤਕਾਰ ਵਿਚੋਂ ਕੁਲ 40 ਫ਼ੀਸਦੀ ਬਲਾਤਕਾਰ ਨਾਬਾਲਗਾਂ ਦੇ ਹੋਏ ਅਤੇ 95 ਫ਼ੀਸਦੀ ਬਲਾਤਕਾਰ ਕਰਨ ਵਾਲੇ ਉਹਨਾ ਦੇ ਰਿਸ਼ਤੇਦਾਰ ਸਨ। ਭਾਰਤ ਵਰਗੇ ਦੇਸ਼ ਜਿੱਥੇ ਅੱਜ ਵੀ ਛੂਆਛਾਤ ਦਾ ਬੋਲਬਾਲਾ ਹੈ। ਇਸ ਵਿਚ ਵੀ ਬਹੁਤ ਦਰਦ ਔਰਤਾਂ ਨੂੰ ਹੰਢਾਉਣਾ ਪੈਂਦਾ ਹੈ। ਔਰਤਾਂ ਨੂੰ ਮੰਦਰਾਂ ਵਿਚ ਜਾਣ ਦੀ ਆਗਿਆ ਨਹੀਂ। ਖੂਹਾਂ ਤੋਂ ਪਾਣੀ ਭਰਨੋਂ ਉਹ ਤਰਸ ਜਾਂਦੀਆਂ ਹਨ। ਕੀ ਇਹ ਉਹਨਾਂ ਦੇ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਹੈ।

ਮਨੁੱਖ ਦੇ ਪੰਜ ਮੁੱਢਲੇ ਅਧਿਕਾਰ ਸਾਡੀਆਂ ਵਿਸ਼ਵ ਪੱਧਰੀ ਸੰਸਥਾਵਾਂ ਵੱਲੋਂ ਪ੍ਰਵਾਨਤ ਹਨ। ਪਹਿਲਾ ਬਰਾ-ਬਰਤਾ ਅਤੇ ਵਿਤਕਰੇ ਤੋਂ ਆਜ਼ਾਦੀ, ਦੂਜਾ ਜ਼ਿੰਦਗੀ ਅਤੇ ਨਿੱਜੀ ਸੁਰੱਖਿਆ ਦੀ ਆਜ਼ਾਦੀ, ਤੀਜਾ ਹਿੰਸਾ ਅਤੇ ਤ੍ਰਿਸਕਾਰ ਵਤੀਰੇ ਤੋਂ ਆਜ਼ਾਦੀ, ਚੌਥਾ ਕਨੂੰਨ ਅੱਗੇ ਬਰਾਬਰਤਾ, ਪੰਜਵਾਂ ਆਪਣੇ ਵਿਚਾਰ ਰੱਖਣ ਦੀ ਆਜ਼ਾਦੀ ਅਤੇ ਕਿਸੇ ਵੀ ਧਰਮ ਨੂੰ ਪ੍ਰਵਾਨ ਕਰਨ ਦੀ ਆਜ਼ਾਦੀ ਦਾ ਹੱਕ।

ਪਰ ਬਹੁਤੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਦੁਨੀਆਂ ਦੀ ਅੱਧੀ ਅਬਾਦੀ ਔਰਤਾਂ ਦੀ ਹੈ। ਦੇਸ਼ ਭਾਰਤ 'ਚ ਵੀ ਅੱਧੀ ਆਬਾਦੀ ਔਰਤਾਂ ਹਨ। ਪਰ ਇਹਨਾਂ ਔਰਤਾਂ/ਲੜਕੀਆਂ ਦੇ ਹੱਕਾਂ ਦੀ ਅਣਦੇਖੀ ਲਗਾਤਾਰ ਸਰਕਾਰਾਂ ਵੱਲੋਂ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਦੇਸ਼ ਭਾਰਤ ਵਿਚ ਔਰਤਾਂ ਦੇ ਕੰਮਾਂ ਦੇ ਸਥਾਨਾਂ 'ਚ ਉਹਨਾਂ ਦੀ ਸੁਰੱਖਿਆ, ਕੰਮ ਦੇ ਘੰਟਿਆਂ ਤੇ ਬਰਾਬਰ ਤਨਖਾਹ, ਭਰੂਣ ਹੱਤਿਆ, ਦਾਜ ਦਹੇਜ ਵਿਰੁੱਧ, ਛੋਟੀ ਉਮਰ 'ਚ ਵਿਆਹ ਨਾ ਹੋਣ ਦੇਣ ਬਾਰੇ ਕਨੂੰਨ ਬਣੇ ਹੋਏ ਹਨ, ਦੇਸ਼ 'ਚ ਔਰਤਾਂ ਨੂੰ ਪਾਰਲੀਮੈਂਟ ਵਿਚ 33ਫੀਸਦੀ ਰਿਜ਼ਰਵੇਸ਼ਨ ਅਤੇ ਪੰਚਾਇਤਾਂ/ਨਗਰਪਾਲਿਕਾਵਾਂ ਵਿਚ 50 ਫੀਸਦੀ ਸੀਟਾਂ ਮੁਹੱਈਆ ਕਰਨ ਦੀ ਗੱਲ ਆਖੀ ਗਈ ਹੈ। ਪਰ ਇਹਨਾਂ ਸਾਰੇ ਕਾਨੂੰਨਾਂ ਨੂੰ ਲਾਗੂ ਕਰਨ 'ਚ ਸਰਕਾਰਾਂ ਸੰਜੀਦਾ ਨਹੀਂ। ਚੁਣੀਆਂ ਪੰਚਾਂ, ਸਰਪੰਚਾਂ, ਨਗਰਪਾਲਿਕਾਵਾਂ ਦੀਆਂ ਐਮ.ਸੀ. ਦੇ ਥਾਂ ਉਹਨਾਂ ਦੇ ਮਰਦ ਪਤੀ, ਪੁੱਤਰ ਜਾਂ ਪਿਤਾ ਕੰਮ ਕਰਦੇ ਹਨ ਅਤੇ ਸਰਕਾਰੀ ਦਫ਼ਤਰਾਂ 'ਚ ਜਾਂ ਮੀਟਿੰਗਾਂ 'ਚ ਭਾਗੀਦਾਰੀ ਤੋਂ ਬਿਨਾਂ ਹੋਰ ਕੁਝ ਵੀ ਕੰਮ ਉਹਨਾਂ ਦੇ ਹਿੱਸੇ ਨਹੀਂ ਰਹਿੰਦਾ। ਭਾਰਤੀ ਸੁਪਰੀਮ ਕੋਰਟ ਨੇ ਵੀ ਲੜਕੀ ਨੂੰ ਆਪਣੇ ਪਿਤਾ ਦੀ ਜਾਇਦਾਦ 'ਚ ਬਰਾਬਰ ਦੇ ਹੱਕ ਦੇਣਾ ਪ੍ਰਵਾਨ ਕੀਤਾ ਹੈ। ਪਰ ਕੀ ਇਹ ਭਾਰਤੀ ਸਮਾਜ 'ਚ ਲਾਗੂ ਹੋਵੇਗਾ? ਔਰਤਾਂ ਦੇ ਹੱਕਾਂ ਦੇ ਹਨਨ ਅਤੇ ਔਰਤਾਂ ਹਿਤੈਸ਼ੀ ਕਾਨੂੰਨ ਲਾਗੂ ਨਾ ਕਰਨ ਲਈ ਮਰਦ ਪ੍ਰਧਾਨ ਸਮਾਜ, ਅਜੋਕਾ ਸਰਕਾਰੀ ਪ੍ਰਬੰਧ ਅਤੇ ਸਿਆਸੀ ਪ੍ਰਬੰਧਕ ਜ਼ੁੰਮੇਵਾਰ ਹਨ। ਜੋ ਕਹਿਣੀ-ਕਥਨੀ ਲਈ ਤਾਂ ਵੱਡੇ ਦਮਗਜ਼ੇ ਮਾਰਦੇ ਹਨ, ਔਰਤਾਂ ਦੇ ਬਰਾਬਰ ਦੇ ਹੱਕਾਂ ਦਾ ਢੰਡਰਾ ਪਿੱਟਦੇ ਹਨ, ਪਰ ਜ਼ਮੀਨੀ ਪੱਧਰ 'ਤੇ ਉਹਨਾਂ ਦੀ ਕਰਨੀ ਇਸ ਤੋਂ ਉਲਟ ਵੇਖੀ ਜਾ ਸਕਦੀ ਹੈ। ਭਾਵੇਂ ਕਿ ਦੁਨੀਆਂ ਦੇ ਲਗਭਗ ਹਰ ਖਿੱਤੇ 'ਚ ਔਰਤਾਂ ਦੇ ਹੱਕਾਂ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ, ਪਰ ਅਣਦੇਖੀ ਦੀ ਦਰ ਭਾਰਤ ਦੇਸ਼ ਵਿਚ ਵੱਡੇ ਪੱਧਰ ਉੱਤੇ ਹੈ। ਭਾਵੇਂ ਕਿ ਭਾਰਤੀ ਔਰਤਾਂ ਵਪਾਰਕ, ਸਿਆਸੀ ਖੇਤਰ, ਸਿੱਖਿਆ 'ਚ ਵੱਡੀਆਂ ਮੱਲਾਂ ਮਾਰ ਰਹੀਆਂ ਹਨ ਪਰ ਆਪਣੇ ਹੱਕਾਂ ਦੀ ਰਾਖੀ ਲਈ ਉਹਨਾਂ ਵੱਲੋਂ ਨਾ ਤਾਂ ਕੋਈ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਨਾ ਹੀ ਔਰਤਾਂ ਦੀ ਕੋਈ ਇਹੋ ਜਿਹੀ ਸੰਸਥਾ ਹੈ, ਜੋ ਉਹਨਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰ ਸਕੇ। ਸਦੀਆਂ ਤੋਂ ਲਤਾੜੀਆਂ ਜਾ ਰਹੀਆਂ ਔਰਤਾਂ ਨੇ ਵਿਸ਼ਵ ਪੱਧਰੀ ਯਤਨ ਕਰਦਿਆਂ ਕੁਝ ਸੰਸਥਾਵਾਂ ਬਣਾਈਆਂ ਹਨ। ਯੂ.ਐਨ.ਓ. 'ਚ ਉਨਾਂ ਨੇ ਆਵਾਜ਼ ਬੁਲੰਦ ਕੀਤੀ ਹੈ। ਲਿੰਗ ਭੇਦ-ਭਾਵ ਮਿਟਾਉਣ ਲਈ ਸਿੱਖਿਆ, ਸਿਹਤ, ਰੁਜ਼ਗਾਰ, ਆਰਥਿਕ ਸਥਿਤੀ ਅਤੇ ਕੰਮ ਕਰਨ ਦੇ ਬਾਵਜੂਦ ਇਵਜ਼ਾਨਾ ਨਾ ਦਿੱਤੇ ਜਾਣ ਸੰਬੰਧੀ ਵਿਸ਼ਵ ਪੱਧਰੀ ਸਮਾਜਿਕ ਤਬਦੀਲੀ ਲਿਆਉਣ ਲਈ ਜਾਗਰੂਕਤਾ ਲਹਿਰ ਚਲਾਈ ਹੈ। ਇਸ ਸਬੰਧੀ ਯੂ.ਐਨ.ਓ. ਵੱਲੋਂ ਔਰਤਾਂ ਲਈ ਗਲੋਬਲ ਫੰਡ ਵੀ ਨੀਯਤ ਹੋਇਆ ਹੈ।

ਪਰ ਉਦੋਂ ਤੱਕ, ਜਦੋਂ ਤੱਕ ਔਰਤਾਂ ਅਤੇ ਲੜਕੀਆਂ ਨੂੰ ਕੰਮ ਬਦਲੇ ਬਰਾਬਰ ਤਨਖਾਹ ਨਹੀਂ ਮਿਲਦੀ, ਜ਼ਮੀਨੀ ਮਾਲਕੀ ਦੇ ਅਧਿਕਾਰ ਉਸਨੂੰ ਪ੍ਰਾਪਤ ਨਹੀਂ ਹੁੰਦੇ, ਉਹ ਆਤਮ ਨਿਰਭਰ ਨਹੀਂ ਬਣ ਸਕਦੀ। ਉਦੋਂ ਤੱਕ, ਜਦੋਂ ਤੱਕ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਖੁਰਾਕ ਨਹੀਂ ਮਿਲਦੀ, ਬਰਾਬਰ ਦੀ ਸਿੱਖਿਆ ਉਹਨਾ ਨੂੰ ਨਹੀਂ ਦਿੱਤੀ ਜਾਂਦੀ। ਮਾਨਸਿਕ ਤੌਰ ਤੇ ਉਹਦਾ ਉਤਪੀੜਨ ਬੰਦ ਨਹੀਂ ਹੁੰਦਾ। ਘਰੇਲੂ ਹਿੰਸਾ ਤੋਂ ਉਸਨੂੰ ਛੁਟਕਾਰਾ ਨਹੀਂ ਮਿਲਦਾ। ਔਰਤ ਸਿਆਸੀ ਖੇਤਰ 'ਚ ਬਰਾਬਰ ਦੀ ਭਾਈਵਾਲੀ ਹਾਸਲ ਨਹੀਂ ਕਰ ਲੈਂਦੀ, ਉਸ ਨੂੰ ਆਤਮ-ਸਨਮਾਨ ਅਤੇ ਸਵੈ-ਨਿਰਭਰਤਾ ਨਹੀਂ ਮਿਲਦੀ ਉਦੋਂ ਤੱਕ ਉਸ ਦੇ ਮਨੁੱਖੀ ਅਧਿਕਾਰਾਂ 'ਚ ਮਰਦਾਂ ਨਾਲ ਬਰਾਬਰੀ ਨਹੀਂ ਮੰਨੀ ਜਾ ਸਕਦੀ।


ਸਾਰੇ ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਹ ਸਮਾਜ ਜਾਂ ਦੇਸ਼ ਜਿਹੜਾ ਧਰਮ ਨਿਰਪੱਖ ਹੈ, ਉਸਦਾ ਵਿਕਾਸ, ਧਰਮ ਅਧਾਰਤ ਦੇਸ਼ਾਂ ਨਾਲ ਜ਼ਿਆਦਾ ਹੁੰਦਾਹੈ, ਜਿਵੇਂ ਕਿ ਕੈਨੇਡਾ, ਅਮਰੀਕਾ, ਆਸਟਰੇਲੀਆ, ਨਾਰਵੇ, ਸਵੀਡਨ ਦੇਸ਼ਾਂ ਨੇ ਜ਼ਿਆਦਾ ਤਰੱਕੀ ਕੀਤੀ ਹੈ ਅਤੇ ਜਿਥੇ ਔਰਤਾਂ ਦਾ ਜੀਵਨ ਅਤੇ ਜੀਊਣ ਪੱਧਰ ਬਾਕੀ ਮੁਲਕਾਂ ਦੇ ਬਰਾਬਰ ਚੰਗੇਰਾ ਹੈ, ਜਦਕਿ ਭਾਰਤ ਦੇਸ਼, ਜਿਥੇ ਪਿਛਲੇ ਕੁਝ ਸਮੇਂ ਤੋਂ ਹਿੰਦੂਤਵ ਤਾਕਤਾਂ ਫ਼ੰਨ ਫੈਲਾ ਰਹੀਆਂ ਹਨ ਅਤੇ ਬਹੁ-ਧਰਮੀ, ਬਹੁ-ਸੱਭਿਆਚਾਰੀ, ਬਹੁ-ਭਾਸ਼ਾਈ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨਣ ਲਈ ਯਤਨਸ਼ੀਲ ਹਨ ਅਤੇ ਜਿਹੜੀਆਂ ਸਭਨਾਂ ਭਾਰਤੀਆਂ ਦੀ ਸਭਿਆਚਾਰਕ ਪਛਾਣ 'ਹਿੰਦੂਤਵ' ਦੇ ਤੌਰ 'ਤੇ ਕਰਨ ਲਈ ਤੁਲੀਆਂ ਹਨ, ਭੁਲ ਗਈਆਂ ਹਨ ਕਿ ਹਿੰਦੂ ਰਾਸ਼ਟਰ ਵਿਚ ਔਰਤਾਂ ਦੀ ਸਥਿਤੀ ਹੋਰ ਵੀ ਭੈੜੀ ਹੋਏਗੀ। ਭਾਵੇਂ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਦੇਸ਼ ਦੇ ਬਹੁ-ਗਿਣਤੀ ਲੋਕ ਇਸ ਕਥਿਤ ਹਿੰਦੂਤਵੀ ਪਛਾਣ ਨੂੰ ਪ੍ਰਵਾਨ ਨਹੀਂ ਕਰਦੇ ਅਤੇ ਲਗਾਤਾਰ ਇਸ ਪਛਾਣ ਨੂੰ ਨਕਾਰ ਰਹੇ ਹਨ।

-ਗੁਰਮੀਤ ਸਿੰਘ ਪਲਾਹੀ
-9815802070


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਪਹਿਲਾਂ ਅਤੇ ਅੱਜ..

-ਜਗਦੀਪ ਸਿੱਧੂ-

ਗਰਮੀਆਂ ਦੇ ਦਿਨ ਹੁੰਦੇ ਸਨ, ਬਰਸਾਤ ਦੇ। 1985-86 ਦਾ ਸਾਲ ਹੋਵੇਗਾ। ਮਾਹੌਲ ਵਿੱਚ ਗਰਮੀ, ਹਲਕੀ ਠੰਢਕ ਵੀ। ਮੈਨੂੰ ਚੇਤੇ ਹੈ ਮੁਹੱਲੇ ਦੀਆਂ ਕੁੜੀਆਂ ਘਰਾਂ ਵਿੱਚ ਰੱਖੜੀਆਂ ਬੰਨ੍ਹਣ ਆਉਂਦੀਆਂ ਸਨ। ਮਾਂ ਬਦਲੇ ਵਿੱਚ ਸਾਡੇ ਵੱਲੋਂ ਉਨ੍ਹਾਂ ਨੂੰ ਰੁਪਇਆ ਦੋ ਰੁਪਏ ਦੇ ਦਿੰਦੀ। ਘਰ ਵਿੱਚ ਖੀਰ ਕੜਾਹ ਬਣਦਾ, ਅਸੀਂ ਮਿਲਾ ਕੇ ਖਾਂਦੇ। ਕੁੜੀਆਂ ਦੇ ਸਾੜ੍ਹੀਆਂ, ਪੰਜਾਬੀ ਸੂਟ ਪਾਏ ਹੁੰਦੇ। ਚੂੜੀਆਂ ਨਾਲ ਸਾਰੀ ਗਲੀ ਛਣ ਛਣ ਕਰਦੀ ਹੁੰਦੀ ਸੀ। ਅੱਜ ਵੀ ਕਿਤੇ ਅਜਿਹੀ ਆਵਾਜ਼ ਸੁਣਦਾਂ ਤਾਂ ਤ੍ਰਭਕ ਜਾਨਾਂ।.. ਉਹ ਸਾਨੂੰ ਅੰਬਰਾਂ ਤੋਂ ਉਤਰੀਆਂ ਪਰੀਆਂ ਜਾਪਦੀਆਂ ਸਨ। ਵੱਖਰੇ ਨਾਂ- ਅੰਜੂ, ਮੰਜੂ, ਮੀਨਾ, ਸੁਮਨਾ, ਸੁਸ਼ਮਾ। ਨਾਵਾਂ ਵਿੱਚ ਵੀ ਰਿਦਮ। ਸਾਉਣ ਮਹੀਨਾ ਛਣ ਛਣ, ਮੀਂਹ ਪੈਣ, ਭਿੱਜਣ ਤੋਂ ਬਾਅਦ ਗਰਮੀ ਵਧ ਜਾਂਦੀ। ਪਿਤਾ ਗਰਜਦਾ, 'ਸਾਡੇ ਨੌਜਵਾਨ ਮੁੰਡੇ ਫੜ ਫੜ ਮਾਰੀ ਜਾਂਦੇ ਨੇ। ਸਾਡੇ ਗੁਰੂਆਂ ਦੀ ਕੁਰਬਾਨੀ ਦਾ ਮੁੱਲ ਨਹੀਂ ਪਾਇਆ ਕਿਸੇ ਨੇ, ਖ਼ਬਰਦਾਰ ਜੇ ਕੋਈ ਜਗਰਾਤੇ-ਜੁਗਰਾਤੇ 'ਤੇ ਗਿਆ।'' ਮਾਂ ਨੂੰ ਚਾਅ ਹੁੰਦਾ ਸੀ ਜਗਰਾਤੇ 'ਤੇ ਜਾਣ ਦਾ, ਉਹ ਸਾਨੂੰ ਨਾਲ ਲੈ ਜਾਂਦੀ। ਉਹ ਸਾਨੂੰ ਸ਼ੇਰ ਲੱਗਦੀ, ਮਾਤਾ ਵਾਲੀ, ਜਿਸ ਨੇ ਸਾਨੂੰ ਮਾਤਾ, ਜਗਰਾਤੇ ਦੇ ਦਰਸ਼ਨ ਕਰਵਾ ਦੇਣੇ। ਉਂਝ ਪਿਤਾ ਬਾਅਦ ਵਿੱਚ ਕਹਿੰਦਾ ਕੁਝ ਨਹੀਂ ਸੀ। ਮੈਨੂੰ ਤਾਂ ਝਾਲਰ ਵਾਲੀ ਚੁੰਨੀ ਸਿਰ ਤੇ ਬੰਨ੍ਹਣੀ ਚੰਗੀ ਲੱਗਦੀ ਸੀ। ਉਥੇ ਮੈਨੂੰ ਉਹ ਰੱਖੜੀਆਂ ਵਾਲੀਆਂ ਕੁੜੀਆਂ ਤੁਰਦੀਆਂ-ਫਿਰਦੀਆਂ ਦਿਸਦੀਆਂ। ਉਹ ਕਾਗਜ਼ ਦੀਆਂ ਕੌਲੀਆਂ ਵਿੱਚ ਭੁਜੀਆ, ਬਦਾਨਾ ਵੰਡਦੀਆਂ। ਮਿਰਚਾਂ ਵਾਲਾ ਕੁਝ ਤੇ ਮਿੱਠਾ, 'ਕੱਠਾ ਮਿਲ ਰਿਹਾ ਸੀ ਬਸ।

ਹੌਲੀ ਹੌਲੀ ਹਾਲਾਤ ਹੋਰ ਖ਼ਰਾਬ ਹੁੰਦੇ ਗਏ। ਅਜੀਬ ਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ, 'ਵੀਰ, ਦਸ ਘੰਟੇ ਮੁਕਾਬਲਾ ਚੱਲਿਆ ਓਥੇ, ਲੋਥਾਂ ਗੱਡੀਆਂ 'ਤੇ ਢੋਅ ਕੇ ਲਿਆਂਦੀਆਂ।' ਮੇਰਾ ਬਾਲ ਮਨ ਸਮਝਣ ਲੱਗ ਪਿਆ ਸੀ ਕਿ ਇਹ ਕੋਈ ਡਰਾਇੰਗ ਜਾਂ ਖੇਡਾਂ ਦਾ ਮੁਕਾਬਲਾ ਨਹੀਂ। ਇਥੇ ਮਿੱਟੀ ਵਿੱਚ ਪਸੀਨਾ ਨਹੀਂ, ਲਹੂ ਡੁੱਲ੍ਹਦਾ। ਸਾਡੀਆਂ ਮਾਵਾਂ ਸਾਨੂੰ ਦਿਨ ਛਿਪਣ ਤੋਂ ਪਹਿਲਾਂ ਘਰੇ ਵਾੜ ਲੈਂਦੀਆਂ। ਇੱਕ ਦਿਨ ਮਾਨਸਾ ਬਸ ਸਟੈਂਡ ਤੇ ਜ਼ੋਰਦਾਰ ਬੰਬ ਧਮਾਕਾ ਹੋਇਆ, ਕਿੰਨੇ ਲੋਕ ਮਾਰੇ ਗਏ। ਜਿਨ੍ਹਾਂ ਕੋਲ਼ ਉਨ੍ਹਾਂ ਜਾਣਾ ਸੀ, ਫਿਰ ਉਹੀ ਰਿਸ਼ਤੇਦਾਰ, ਦੋਸਤ ਉਨ੍ਹਾਂ ਦੇ ਘਰ ਆਏ ਹੋਣੇ! ਸਾਡੇ ਰੱਖੜੀਆਂ ਬੰਨ੍ਹਣ ਚਾਚੇ ਤਾਏ ਦੀਆਂ ਕੁੜੀਆਂ ਆਉਣ ਲੱਗੀਆਂ। ਸਾਨੂੰ 'ਕੱਲਾ ਕੜਾਹ ਮਿਲਣ ਲੱਗ ਪਿਆ। ਖੀਰ ਕੜਾਹ ਮਿਲਾ ਕੇ ਖਾਣ ਦਾ ਸੁਆਦ ਚੇਤੇ ਵਿੱਚ ਹੈ। ਮਾਂ ਨੂੰ ਪੁੱਛਦਾ, 'ਸੁਮਨ ਹੁਰੀਂ ਨਹੀਂ ਆਉਂਦੀਆਂ।' ਉਹ ਸਾਰੀਆਂ ਦਾ ਨਾਂ ਲੈ ਕੇ ਦੱਸਦੀ, 'ਉਹ ਤਾਂ ਸਾਰੀਆਂ ਮੰਗੀਆਂ ਗਈਆਂ, ਬਿਮਲਾ ਦੱਸਦੀ ਸੀ ਹਰਿਆਣੇ ਕਰਤਾ ਸਾਕ, ਕੋਈ ਰਤੀਏ, ਕੋਈ ਟੋਹਾਣੇ, ਕਹਿੰਦੀ ਸੀ ਕੁੜੀਆਂ ਤਾਂ ਨਿਕਲਣ।' ਮੈਂ ਉਦਾਸ ਹੋ ਜਾਂਦਾ ਬਸ, ਉਸ ਤੋਂ ਬਾਅਦ ਮੇਰੇ ਗੱਲ ਥੋੜ੍ਹੀ ਥੋੜ੍ਹੀ ਸਮਝ ਆਉਣ ਲੱਗੀ ਸੀ।

ਫਿਰ ਹਾਲਾਤ ਉਸ ਤੋਂ ਵੀ ਬਦਤਰ ਹੋ ਗਏ। ਘਰ ਦੇ ਗੱਲਾਂ ਕਰਦੇ, 'ਬੁਰੇ ਹਾਲ ਹੋ ਗਏ।' ਘਰ ਦਾ ਕੋਈ ਖ਼ਬਰਾਂ ਸੁਣਾਉਂਦਾ ਹੋਇਆ ਕਹਿੰਦਾ, 'ਅੱਜ ਬਸ ਵਿੱਚੋਂ ਕੱਢ ਕੇ ਵੀਹ ਬੰਦੇ ਮਾਰ ਦਿੱਤੇ।' ਮੈਨੂੰ ਲੱਗਦਾ, ਸੱਚੀ ਹਾਲਾਤ ਖ਼ਰਾਬ ਹੋ ਗਏ। ਪਹਿਲਾਂ ਬਸ ਅੱਡਿਆਂ 'ਤੇ ਮਰਦੇ ਸੁਣੇ ਸੀ, ਅੱਜਕੱਲ੍ਹ ਬੱਸਾਂ ਵਿੱਚੋਂ ਕੱਢ ਕੇ ਮਾਰੇ ਜਾ ਰਹੇ ਨੇ। ਮਾਂ ਨੂੰ ਪੁੱਛਦਾ, 'ਇਨ੍ਹਾਂ ਨੂੰ ਕਿਵੇਂ ਪਤਾ ਲੱਗ ਜਾਂਦਾ ਕਿ ਕਿਹੜੇ ਮਾਰਨੇ ਨੇ।' ਮਾਂ ਦੱਸਦੀ, 'ਪੱਗ ਜਾਂ ਮੋਨਾ ਦੇਖ ਲੈਂਦੇ ਹੋਣੇ ਨੇ।' ਮੈਂ ਆਪਣੀ ਜਗਿਆਸਾ ਸ਼ਾਂਤ ਕਰਦਾ, 'ਮੋਹਨ ਲਾਲ ਅੰਕਲ ਵੀ ਤਾਂ ਪੱਗ ਬੰਨ੍ਹਦੇ ਨੇ, ਤੇ ਆਪਣਾ ਕੁਲਵੰਤ ਵੀਰਾ ਮੋਨਾ ਹੈ।' 'ਫਿਰ ਨਾਂ ਪੁੱਛ ਲੈਂਦੇ ਹੋਣਗੇ।' ਮਾਂ ਖਿਝ ਕੇ ਕਹਿੰਦੀ। ਮੈਨੂੰ ਸੁਸ਼ਮਾ, ਸੁਮਨ ਹੁਰੀਂ ਯਾਦ ਆਉਂਦੀਆਂ। ਮੈਨੂੰ ਲੱਗਦਾ, ਉਨ੍ਹਾਂ ਨੂੰ ਘਰੋਂ ਕੱਢ ਕੇ ਮਾਰ ਦਿੱਤਾ ਗਿਆ ਹੈ। ਫਿਰ ਉਹ ਸਾਨੂੰ ਕਦੇ ਨਹੀਂ ਦਿਸੀਆਂ।

ਅੱਜ ਮੈਂ ਕੁਝ ਚੰਗੀਆਂ ਯਾਦਾਂ ਸੋਚਣ ਦੀ ਕੋਸ਼ਿਸ਼ ਕੀਤੀ, ਬੁਰੀਆਂ ਨਾਲ ਆ ਜਾਂਦੀਆਂ ਨੇ। ਆਪਣੀ ਇੱਕ ਕਵਿਤਾ ਯਾਦ ਆ ਗਈ, ਜਿਹੜੀ ਮਾਂ 'ਤੇ ਲਿਖੀ ਸੀ। ਸੋਹਣੀਆਂ ਯਾਦਾਂ:

ਪੁੱਛਿਆ ਮਾਂ ਨੂੰ,
ਮਾਂ ਤੈਨੂੰ 62, 65, 71 ਦੀਆਂ ਲੜਾਈਆਂ
ਯਾਦ ਨੇ
ਇਨ੍ਹਾਂ ਹਿੰਦਸਿਆਂ ਨੂੰ ਸੁਣ ਕੇ
ਅਤੀਤ 'ਚ ਗੁਆਚੀ
ਮੁਸਕਰਾ ਪੈਂਦੀ ਹੈ ਮਾਂ
ਮੈਨੂੰ ਤਾਂ
ਚੀਨ ਤੇ ਪਾਕਿਸਤਾਨ ਨਾਲ ਹੋਈਆਂ
ਲੜਾਈਆਂ ਚੇਤੇ ਨੇ।.....

ਕਿੰਨੀ ਵਧੀਆ ਗੱਲ ਹੈ ਮਾਂ ਦੀ। ਉਨ੍ਹਾਂ ਸਾਲਾਂ ਨੂੰ ਬੁਰੇ ਹਾਲਾਤ ਕਰਕੇ ਕਿਉਂ ਯਾਦ ਰੱਖਿਆ ਜਾਵੇ, ਉਸ ਨਾਲ ਕਿੰਨਾ ਕੁਝ ਸੋਹਣਾ ਨਸ਼ਟ ਹੋ ਜਾਏਗਾ। ਕਈ ਵਰ੍ਹੇ ਬੀਤ ਗਏ, ਮੈਂ ਕਿੰਨਾ ਕੁਝ ਭੁੱਲ ਚੁੱਕਾ ਸੀ। ਫਿਰ ਬਾਬਰੀ ਮਸਜਿਦ, ਗੁਜਰਾਤ ਦੰਗੇ ਆ ਗਏ। ਛਿਟ-ਪੁੱਟ ਈਸਾਈ ਪਾਦਰੀਆਂ ਦੀਆਂ ਵੀ ਹੱਤਿਆਵਾਂ ਹੋਈਆਂ।

ਫਿਰ ਕਜ਼ਨ ਦੇ ਘਰ ਧੀ ਦਾ ਜਨਮ ਹੋਇਆ, ਭਤੀਜੀ ਦਾ ਨਾਂ ਜੈਸਿਕਾ ਰੱਖਿਆ ਗਿਆ। ਮੈਨੂੰ ਚੰਗਾ ਲੱਗਾ।.. ਵਰ੍ਹੇ ਬੀਤੇ, ਮੇਰਾ ਵਿਆਹ ਹੋਇਆ। ਮੋਦੀ ਦੇ ਫਾਸ਼ੀਵਾਦੀ ਦੌਰ ਵਿੱਚ ਮੇਰੇ ਘਰ ਧੀ ਨੇ ਜਨਮ ਲਿਆ। ਕੋਈ ਕਹਿੰਦਾ ਨਾਂ ਗੁਣਵੰਤ ਰੱਖੋ, ਕੋਈ ਕਹਿੰਦਾ ਜਸਪ੍ਰੀਤ..। ਮੈਂ ਉਸ ਦਾ ਨਾਂ ਨਿਆਮਤ ਰੱਖਿਆ।

## ਹਲਕਾ ਫੁਲਕਾ

ਪਾਗਲਖਾਨੇ ਵਿੱਚ ਭਰਤੀ ਸਾਰੇ ਪਾਗਲ ਨੱਚਣ ਰੁੱਝੇ ਹੋਏ ਸਨ, ਪਰ ਉਨ੍ਹਾਂ ਵਿੱਚੋਂ ਇੱਕ ਮੁੰਡਾ ਤੇ ਕੁੜੀ ਚੁੱਪਚਾਪ ਬੈਠੇ ਤਮਾਸ਼ਾ ਦੇਖ ਰਹੇ ਸਨ। ਡਾਕਟਰ ਨੂੰ ਲੱਗਾ ਕਿ ਉਨ੍ਹਾਂ ਵਿੱਚ ਕੁਝ ਸੁਧਾਰ ਹੋ ਗਿਆ ਹੈ।
ਡਾਕਟਰ ਨੇ ਪੁੱਛਿਆ, ''ਤੁਸੀਂ ਬਾਕੀਆਂ ਵਾਂਗ ਨੱਚ ਕਿਉਂ ਨਹੀਂ ਰਹੇ?''
ਦੋਵਾਂ ਨੇ ਤੁਰੰਤ ਜਵਾਬ ਦਿੱਤਾ, ''ਇੰਨਾ ਵੀ ਨਹੀਂ ਸਮਝਦੇ, ਅਸੀਂ ਦੋਵੇਂ ਤਾਂ ਦੁਲਹਾ-ਦੁਲਹਨ ਹਾਂ।''

*********

ਮਾਲਕ ਕੋਲ ਇੱਕ ਆਦਮੀ ਕਿਰਾਏ ਦਾ ਕਮਰਾ ਦੇਖਣ ਆਇਆ।
ਮਕਾਨ ਮਾਲਕ, ''ਇਹ ਹੈ ਕਮਰਾ, ਪਰ ਕਿਰਾਇਆ 500 ਰੁਪਏ ਹੋਵੇਗਾ।''
ਕਿਰਾਏਦਾਰ, ''ਠੀਕ ਹੈ, ਜੀ, ਪਰ ਇਥੇ ਤਾਂ ਚੂਹੇ ਨੱਚ ਰਹੇ ਹਨ।''
ਮਕਾਨ ਮਾਲਕ, ''ਸਿਰਫ 500 ਰੁਪਏ ਵਿੱਚ ਚੂਹੇ ਨਹੀਂ ਤਾਂ ਕੀ ਸ਼ੀਲਾ ਨੱਚੇਗੀ?''

*********

ਕੋਚਿੰਗ ਕਲਾਸ ਵਿੱਚ ਟੀਚਰ ਪੜ੍ਹਾ ਰਹੇ ਸਨ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ, ''ਇੱਕ ਦਿਨ ਅਜਿਹਾ ਆਏਗਾ ਕਿ ਧਰਤੀ 'ਤੇ ਪਾਣੀ ਹੀ ਪਾਣੀ ਹੋਵੇਗਾ। ਸਾਰੇ ਜੀਵ-ਜੰਤੂ ਖਤਮ ਹੋ ਜਾਣਗੇ। ਪੂਰੀ ਧਰਤੀ ਖਤਮ ਹੋ ਜਾਵੇਗੀ।''
ਸੋਨੂੰ, ''ਸਰ, ਉਸ ਦਿਨ ਕੋਚਿੰਗ ਲਈ ਆਉਣਾ ਹੈ ਜਾਂ ਨਹੀਂ?''

ਅਪ੍ਰੇਸ਼ਨ ਗੋਰਖ ਧੰਦਾ :

# ਵੇਸਵਾ ਦੀ ਵੀਡੀਓ ਨਾਲ ਬਲੈਕਮੇਲ ਕਰਕੇ ਗੋਰਖਪੁਰ ਤੋਂ ਜਾਸੂਸੀ ਕਰਵਾ ਰਿਹਾ ਸੀ ਪਾਕਿ



ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਨੇ ਭਾਰਤੀ ਹਵਾਈ ਫੌਜ ਅਤੇ ਥਲ ਸੈਨਾ ਨਾਲ ਜੁੜੀ ਜਾਣਕਾਰੀ ਹਾਸਲ ਕਰਨ ਲਈ ਇੱਕ ਵਾਰ ਫਿਰ ਹਨੀ ਟ੍ਰੈਪ ਦਾ ਸਹਾਰਾ ਲਿਆ ਪਰ ਸਮਾਂ ਰਹਿੰਦਿਆਂ ਸੁਰੱਖਿਆ ਏਜੰਸੀਆਂ ਨੇ ਉਸ ਦੇ ਏਜੰਟ ਨੂੰ ਫੜ ਲਿਆ ਹੈ।

ਦਰਸਅਲ ਜਿਸ 51 ਸਾਲ ਦੇ ਭਾਰਤੀ ਨਾਗਰਿਕ ਹਨੀਫ (ਬਦਲਿਆ ਹੋਇਆ ਨਾਂ) ਨੂੰ ਫੌਜੀ ਖੁਫੀਆ (ਐਮ ਆਈ) ਇਕਾਈ ਅਤੇ ਉਤਰ ਪ੍ਰਦੇਸ਼ ਏ ਟੀ ਐਸ ਨੇ ਆਈ ਐਸ ਆਈ ਦੇ ਰੈਕੇਟ ਤੋਂ ਬਚਾਇਆ ਸੀ, ਉਸ ਨੂੰ ਹਨੀ ਟ੍ਰੈਪ ਰਾਹੀਂ ਫਸਾ ਕੇ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਹਨੀਫ ਰਾਹੀਂ ਆਈ ਐਸ ਆਈ ਗੋਰਖਪੁਰ ਰੇਲਵੇ ਸਟੇਸ਼ਨ, ਭਾਰਤੀ ਏਅਰ ਫੋਰਸ ਸਟੇਸ਼ਨ ਤੇ ਕੁੰਦਰਾ ਘਾਟ ਫੌਜੀ ਸਟੇਸ਼ਨ ਦੀ ਜਾਣਕਾਰੀ ਤੇ ਤਸਵੀਰਾਂ ਇਕੱਠੀਆਂ ਕਰਨ ਦੀ ਕੋਸ਼ਿਸ਼ ਵਿੱਚ ਸੀ। ਇਸ ਦੇ ਲਈ ਹਨੀਫ ਨੂੰ ਬਲੈਕਮੇਲ ਵੀ ਕੀਤਾ ਜਾ ਰਿਹਾ ਸੀ। ਉਸ ਤੋਂ ਭਾਰਤੀ ਫੌਜੀਆਂ ਦੇ ਵਟਸਐਪ ਗਰੁੱਪ ਦੀ ਕੁਲ ਗਿਣਤੀ ਦੀ ਜਾਣਕਾਰੀ ਮੰਗੀ ਗਈ ਸੀ। 2014 ਤੋਂ 2018 ਦੌਰਾਨ ਹਨੀਫ ਨੇ ਪਾਕਿਸਤਾਨ ਦੀ ਯਾਤਰਾ ਕੀਤੀ ਸੀ ਅਤੇ ਆਪਣੇ ਰਿਸ਼ਤੇਦਾਰਾਂ ਦੇ ਘਰ ਗਿਆ ਸੀ। ਉਥੇ ਹਨੀਫ ਨੂੰ ਆਈ ਐਸ ਆਈ ਵੱਲੋ ਟ੍ਰੈਪ ਕੀਤਾ ਗਿਆ ਸੀ। ਉਸ ਨੂੰ ਯਾਤਰਾ ਦੇ ਅੰਤਿਮ ਪੜ੍ਹਾਅ ਵਿੱਚ ਇੱਕ ਵੇਸਵਾ-ਪੁਣੇ ਲਿਜਾਇਆ ਗਿਆ ਸੀ ਜਿੱਥੇ ਉਸ ਦੀ ਵੀਡੀਓ ਬਣਾ ਲਈ ਗਈ ਸੀ। ਬਾਅਦ ਵਿੱਚ ਉਸੇ ਵੀਡੀਓ ਦੀ ਵਰਤੋਂ ਕਰਕੇ ਉਤਰ ਪ੍ਰਦੇਸ਼ ਦੇ ਪੂਰਬੀ ਸ਼ਹਿਰਾਂ ਵਿੱਚ ਨਾਜ਼ਕ ਸਥਾਨਾਂ ਦੀਆਂ ਤਸਵੀਰਾਂ ਭੇਜਣ ਲਈ ਆਈ ਐਸ ਆਈ ਦੇ ਲੋਕ ਉਸ ਨੂੰ ਬਲੈਕਮੇਲ ਕਰਨ ਲੱਗੇ ਪਰ ਭਾਰਤੀ ਏਜੰਸੀਆਂ ਨੂੰ ਛੇਤੀ ਹੀ ਆਈ ਐਸ ਆਈ ਦੀ ਇਸ ਖਤਰਨਾਕ ਸਾਜ਼ਿਸ਼ ਦਾ ਪਤਾ ਲੱਗਾ ਗਿਆ ਅਤੇ ਆਪ੍ਰੇਸ਼ਨ ਗੋਰਖਧੰਦਾ ਸ਼ੁਰੂ ਕਰਕੇ ਸਾਜ਼ਿਸ਼ ਦਾ ਪਰਦਾਫਾਸ਼ ਕਰ ਦਿੱਤਾ।

# ਕੋਰੋਨਾ ਕਾਲ ਵਿੱਚ ਭਾਰਤੀ ਮਸਾਲਿਆਂ ਦੀ ਮੰਗ ਵਧੀ

ਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਕੋਰੋਨਾ ਕਾਲ ਅਤੇ ਬਾਰਸ਼ ਦੇ ਮੌਸਮ ਦੌਰਾਨ ਲੋਕਾਂ ਨੇ ਆਪਣੇ ਸਰੀਰ ਦੀ ਰੱਖਿਆ ਪ੍ਰਣਾਲੀ (ਈਮੀਊਨ ਸਿਸਟਮ) ਨੂੰ ਮਜ਼ਬੂਤ ਕਰਨ ਦੇ ਦੇਸੀ ਨੁਸਖਿਆਂ ’ਤੇ ਅਮਲ ਕੀਤਾ ਹੈ।

ਰਿਪੋਰਟਾਂ ਮੁਤਾਬਿਕ ਇਸ ਮੌਕੇ ਲੋਕਾਂ ਨੇ ਮਸਾਲਿਆਂ ਤੇ ਭਾਰਤੀ ਰਵਾਇਤੀ ਖੁਰਾਕ ਪਦਾਰਥਾਂ ਦੀ ਵਰਤੋਂ ਵਧਾਈ ਹੈ। ਇਸ ਨਾਲ ਸਰੀਰ ਦੀ ਰੋਗ ਵਿਰੋਧੀ ਸਮਰੱਥਾ ਤਾਂ ਮਜ਼ਬੂਤ ਹੋਈ ਹੀ, ਭਾਰਤੀ ਮਸਾਲਿਆਂ ਦੀ ਵਿੱਕਰੀ ਵੀ ਵੱਧ ਗਈ ਹੈ। ਬਾਜ਼ਾਰ ਦਾ ਸਰਵੇਖਣ ਕਰਨ ਵਾਲੀ ਕੰਪਨੀ ਨੀਲਸਨ ਦੀ ਇੱਕ ਰਿਪੋਰਟ ਅਨੁਸਾਰ ਵਰਤਮਾਨ ਮਹਾਂਮਾਰੀ ਨਾਲ ਲੜਨ ਲਈ ਉਪਾਅ ਦੇ ਰੂਪ ’ਚ ਸੁਰੱਖਿਆ, ਸਿਹਤ ਅਤੇ ਸਰੀਰ ਦੀ ਪ੍ਰਤੀਰੱਖਿਆ ’ਤੇ ਸਭ ਤੋਂ ਵੱਧ ਧਿਆਨ ਦਿੱਤਾ ਜਾ ਰਿਹਾ ਹੈ। ਇਸ ਲਈ ਉਨ੍ਹਾਂ ਦੀ ਮੰਗ ਕਾਫ਼ੀ ਵੱਧ ਚੁੱਕੀ ਹੈ। ਜਿਨਾਂ ਭਾਰਤੀ ਮਸਾਲਿਆਂ ਦੀ ਮੰਗ ਇਸ ਸਮੇਂ ਵਧੀ ਹੈ, ਉਨ੍ਹਾਂ ’ਚ ਹਲਦੀ ਦੀ ਮੰਗ ’ਚ ਖ਼ਾਸੀ ਤੇਜ਼ੀ ਦੇਖੀ ਗਈ ਹੈ। ਪਿਛਲੇ ਕੁਝ ਮਹੀਨਿਆਂ ’ਚ ਈ-ਕਾਮਰਸ ਪਲੇਟਫ਼ਾਰਮ ’ਤੇ ਇਸ ਦੀ ਮੰਗ ’ਚ 40 ਫ਼ੀਸਦੀ ਦਾ ਵਾਧਾ ਹੋਇਆ ਹੈ। ਸਰੀਰ ਦੇ ਰੱਖਿਆ ਤੰਤਰ ਨੂੰ ਮਜ਼ਬੂਤ ਕਰਨ ਦੇ ਘਰੇਲੂ ਨੁਸਖ਼ਿਆਂ ’ਚ ਹਲਦੀ ਦੀ ਵਰਤੋਂ ਪੁਰਾਣੇ ਸਮੇਂ ਤੋਂ ਕੀਤੀ ਜਾਂਦੀ ਹੈ। ਇਹਨੀ ਦਿਨੀਂ ਕਈ ਲੋਕਾਂ ਨੇ ਹਲਦੀ ਦੁੱਧ ਜਾਂ ਕਾੜ੍ਹੇ ਬਣਾਉਣ ਦੇ ਲਈ ਹਲਦੀ ਦੀ ਵਰਤੋਂ ਵਧਾਈ ਹੈ। ਹਲਦੀ ਅਤੇ ਦੂਜੇ ਮਸਾਲਿਆਂ ਦੇ ਨਾਲ ਕਾਲੀ ਮਿਰਚ, ਅਦਰਕ, ਲਸਣ, ਤੁਲਸੀ, ਪੁਦੀਨਾ ਆਦਿ ਨੂੰ ਵੀ ਐਂਟੀਸੈਪਟਿਕ, ਜਿਵਾਣੂ ਵਿਰੋਧੀ ਗੁਣਾਂ ਲਈ ਪਛਾਣਿਆਂ ਜਾਂਦਾ ਹੈ। ਇਹ ਪਦਾਰਥ ਮਾਨਸੂਨ ਦੌਰਾਨ ਬਿਮਾਰੀਆਂ ਨੂੰ ਦੂਰ ਰੱਖਣ ’ਚ ਮਦਦ ਕਰਦੇ ਹਨ। ਨੀਲਸਨ ਰਿਪੋਰਟ ’ਚ ਇਹ ਵੀ ਪਾਇਆ ਗਿਆ ਹੈ ਕਿ ਅਗਲੇ ਛੇ ਮਹੀਨਿਆਂ ਤੱਕ ਜ਼ਿਆਦਾਤਰ ਗਾਹਕ ਸੁਰੱਖਿਆ ਅਤੇ ਪ੍ਰਤੀਰੱਖਿਆ ਵਧਾਉਣ ਦੀਆਂ ਆਦਤਾਂ ਨੂੰ ਜਾਰੀ ਰੱਖਣਗੇ।

ਰਹੱਸਮਈ ਹਾਈ ਪ੍ਰੋਫਾਈਲ ਮੌਤਾਂ :

# ਸੁਸ਼ਾਂਤ ਨੂੰ ਹੱਤਿਆ ਵਾਲੇ ਦਿਨ ਕਿਉਂ ਮਿਲਿਆ ਡਰੱਗ ਡੀਲਰ?

* ਸੁਨੰਦਾ ਪੁਸ਼ਕਰ ਤੇ ਸ੍ਰੀਦੇਵੀ ਕੇਸਾਂ ਵੱਲ ਇਸ਼ਾਰੇ




ਮੁੰਬਈ, 25 ਅਗਸਤ (ਪੋਸਟ ਬਿਊਰੋ)- ਭਾਜਪਾ ਆਗੂ ਤੇ ਰਾਜ ਸਭਾ ਮੈਂਬਰ ਸੁਬਰਮਨੀਅਮ ਸਵਾਮੀ ਨੇ ਦਾਅਵਾ ਕੀਤਾ ਹੈ ਕਿ ਫਿਲਮ ਸਟਾਰ ਸੁਸ਼ਾਂਤ ਸਿੰਘ ਰਾਜਪੂਤ ਨੂੰ ਉਸ ਦੀ ਹੱਤਿਆ ਵਾਲੇ ਦਿਨ ਦੁਬਈ ਦਾ ਇੱਕ ਡਰੱਗ ਡੀਲਰ ਮਿਲਿਆ ਸੀ। ਉਨ੍ਹਾਂ ਟਵੀਟ ਕਰ ਕੇ ਸਵਾਲ ਉਠਾਇਆ ਕਿ ਸੁਸ਼ਾਂਤ ਸਿੰਘ ਨੂੰ ਡਰੱਗ ਡੀਲਰ ਕਿਉਂ ਮਿਲਿਆ ਸੀ ?

ਵਰਨਣ ਯੋਗ ਹੈ ਕਿ ਸੁਬਰਮਨੀਅਮ ਸਵਾਮੀ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਕਹਿ ਰਹੇ ਹਨ ਕਿ ਸੁਸ਼ਾਂਤ ਸਿੰਘ ਰਾਜਪੂਤ ਦੀ ਹੱਤਿਆ ਕੀਤੀ ਗਈ ਹੈ। ਉਨ੍ਹਾਂ ਨੇ ਸੁਸ਼ਾਂਤ ਕੇਸ ਨੂੰ ਸੁਨੰਦਾ ਪੁਸ਼ਕਰ ਤੇ ਸ੍ਰੀਦੇਵੀ ਦੇ ਕੇਸਾਂ ਨਾਲ ਵੀ ਜੋੜਿਆ ਹੈ। ਸਵਾਮੀ ਨੇ ਕਿਹਾ ਕਿ ਜਿਵੇਂ ਸੁਨੰਦਾ ਪੁਸ਼ਕਰ ਕੇਸ ’ਚ ਏਮਜ਼ ਦੇ ਡਾਕਟਰਾਂ ਨੇ ਉਨ੍ਹਾਂ ਦੇ ਪੇਟ ’ਚ ਜੋ ਜ਼ਹਿਰ ਮਿਲਿਆ ਦੱਸਿਆ ਸੀ, ਸ੍ਰੀਦੇਵੀ ਅਤੇ ਸੁਸ਼ਾਂਤ ਦੇ ਕੇਸ ਵਿੱਚ ਅਜਿਹਾ ਨਹੀਂ ਹੈ। ਇਸ ਕੇਸ ਵਿੱਚ ਦੁਬਈ ਦਾ ਇੱਕ ਡਰੱਗ ਡੀਲਰ ਆਇਸ ਖਾਨ ਉਸੇ ਦਿਨ ਸੁਸ਼ਾਂਤ ਨੂੰ ਉਸ ਦੀ ਹੱਤਿਆ ਵਾਲੇ ਦਿਨ ਮਿਲਿਆ ਸੀ, ਉਹ ਕਿਉਂ ਮਿਲਿਆ? ਬੀਤੇ ਵੀਰਵਾਰ ਇੱਕ ਟਵੀਟ ਵਿੱਚ ਸੁਬਰਮਨੀਅਮ ਸਵਾਮੀ ਨੇ ਕਿਹਾ ਸੀ ਕਿ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਸ੍ਰੀਦੇਵੀ ਸਮੇਤ ਪਹਿਲਾਂ ਵਾਲੇ ਸਾਰੇ ਹਾਈ ਪ੍ਰੋਫਾਈਲ ਕੇਸਾਂ ਦੀ ਜਾਂਚ ਕਰਨੀ ਚਾਹੀਦੀ ਹੈ।

ਇਸ ਦੇ ਨਾਲ ਭਾਜਪਾ ਆਗੂ ਸੁਬਰਮਨੀਅਮ ਸਵਾਮੀ ਨੇ ਇਹ ਵੀ ਕਿਹਾ ਕਿ ਇਜ਼ਰਾਈਲ ਅਤੇ ਯੂ ਏ ਈ ਵਿਚਾਲੇ ਡਿਪਲੋਮੈਟਿਕ ਸੰਬੰਧ ਬਣਨ ਨਾਲ ਦੁਬਈ ਵਿੱਚ ਰਹਿੰਦੇ ਭਾਰਤੀ ਮਾਫੀਆ ਸਰਗਨਾ ਪ੍ਰੇਸ਼ਾਨੀ ਵਿੱਚ ਪੈ ਗਏ ਹਨ। ਉਨ੍ਹਾਂ ਦੇ ਆਗਿਆਕਾਰੀ ਤਿੰਨ ਖਾਨਾਂ ਲਈ ਵੀ ਮੁਸ਼ਕਲ ਹੋ ਗਈ ਹੈ। ਸਵਾਮੀ ਨੇ ਕਿਹਾ ਕਿ ਸੀ ਬੀ ਆਈ ਨੂੰ ਸੁਸ਼ਾਂਤ, ਸੁਨੰਦਾ ਅਤੇ ਸ੍ਰੀਦੇਵੀ ਦੀ ਹੱਤਿਆ ਕੇਸਾਂ ’ਚ ਲਈ ਮੋਸਾਦ ਅਤੇ ਮਿਸ਼ਨ ਬੈਥ ਦੀ ਮੱਦਦ ਲੈਣੀ ਚਾਹੀਦੀ ਹੈ। ਮੋਸਾਦ ਇਜ਼ਰਾਈਲ ਦੀ ਖੁਫੀਆ ਏਜੰਸੀ ਅਤੇ ਮਿਸ਼ਨ ਬੈਥ ਅੰਦਰੂਨੀ ਸੁਰੱਖਿਆ ਏਜੰਸੀ ਹੈ। ਸ੍ਰੀਦੇਵੀ ਦੀ 24 ਫਰਵਰੀ 2018 ਨੂੰ ਦੁਬਈ ਦੇ ਇੱਕ ਹੋਟਲ ਦੇ ਬਾਥ-ਟੱਬ ’ਚ ਡੁੱਬਣ ਕਾਰਨ ਮੌਤ ਹੋ ਗਈ ਸੀ ਅਤੇ ਸੁਨੰਦਾ ਪੁਸ਼ਕਰ 17 ਜਨਵਰੀ 2014 ਨੂੰ ਦਿੱਲੀ ਦੇ ਇੱਕ ਹੋਟਲ ਵਿੱਚ ਸ਼ੱਕੀ ਹਾਲਾਤ ’ਚ ਮ੍ਰਿਤਕ ਪਈ ਮਿਲੀ ਸੀ।

## ਪਾਰਟੀ ਵਿੱਚ ਲੜਨ ਤੋਂ ਰੋਕਣ ’ਤੇ ਮਹਿਮਾਨਾਂ ਨੇ ਫਾਇਰਿੰਗ ਕੀਤੀ



ਲੁਧਿਆਣਾ, 25 ਅਗਸਤ (ਪੋਸਟ ਬਿਊਰੋ)- ਜਨਮ ਦਿਨ ਦੀ ਇੱਕ ਪਾਰਟੀ ’ਚ ਨੌਜਵਾਨਾਂ ਨੂੰ ਲੜਾਈ-ਝਗੜਾ ਕਰਨ ਤੋਂ ਰੋਕਿਆ ਗਿਆ ਤਾਂ ਰਿਸੋਰਟ ਦੀ ਰਿਸੈਪਸ਼ਨ ’ਤੇ ਪਹੁੰਚੇ ਨੌਜਵਾਨਾਂ ਨੇ ਸਟਾਫ ਨਾਲ ਕੁੱਟਮਾਰ ਕਰ ਦਿੱਤੀ। ਇਸ ਦੌਰਾਨ ਜਨਮ ਦਿਨ ਵਾਲੇ ਨੌਜਵਾਨ ਨੇ ਪਿਸਤੌਲ ਨਾਲ ਫਾਇਰ ਕੀਤੇ। ਗੋਲੀ ਲੱਗਣ ਕਾਰਨ ਰੈਸਟੋਰੈਂਟ ਦਾ ਇੱਕ ਮੁਲਾਜ਼ਮ ਜ਼ਖਮੀ ਹੋ ਗਿਆ। ਇਸ ਮਾਮਲੇ ’ਚ ਥਾਣਾ ਡੇਹਲੋਂ ਦੀ ਪੁਲਸ ਨੇ ਪਿੰਡ ਪੋਹੀੜ ’ਚ ਪੈਂਦੇ ਜੇ ਨਾਈਨ ਰੈਸਟੋਰੈਂਟ ਦੇ ਰਿਸੈਪਸ਼ਨਿਸਟ ਸੰਦੀਪ ਸਿੰਘ ਦੇ ਬਿਆਨਾਂ ਉਤੇ ਐਸ ਬੀ ਐਸ ਨਗਰ ਦੇ ਅਭਿਜੀਤ ਸਿੰਘ, ਦੁਗਰੀ ਦੇ ਜਗਤ ਸਿੰਘ ਤੇ ਬਾਬਾ ਨੰਦ ਸਿੰਘ ਨਗਰ ਦੇ ਜਰਮਨਜੀਤ ਸਿੰਘ, ਮੋਹਿਤ ਸੂਦ, ਕਸ਼ਿਸ਼ ਭਿੰਡਰ ਅਤੇ ਕੁੰਤਲ ਸਚਦੇਵਾ ਸਣੇ ਕੁਝ ਅਣਪਛਾਤਿਆਂ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਰੈਸਟੋਰੈਂਟ ਦੇ ਰਿਸੈਪਸ਼ਨਿਸਟ ਸੰਦੀਪ ਸਿੰਘ ਨੇ ਦੱਸਿਆ ਕਿ ਅਭਿਜੀਤ ਸਿੰਘ ਦੇ ਜਨਮ ਦਿਨ ਮੌਕੇ ਸਾਰੇ ਨੌਜਵਾਨ ਵੱਖਰੇ ਹੱਟ ’ਚ ਪਾਰਟੀ ਕਰ ਰਹੇ ਸਨ। ਕੁਝ ਸਮੇਂ ਬਾਅਦ ਨੌਜਵਾਨ ਆਪਸ ਵਿੱਚ ਝਗੜਦੇ ਦੇਖੇ ਗਏ, ਪਰ ਜਦੋਂ ਉਨ੍ਹਾਂ ਨੂੰ ਸਟਾਫ ਨੇ ਰੋਕਿਆ ਤਾਂ ਗੁੱਸੇ ’ਚ ਅਭਿਜੀਤ ਸਿੰਘ ਆਪਣੇ ਦੋਸਤਾਂ ਨਾਲ ਰਿਸੈਪਸ਼ਨ ’ਤੇ ਆਇਆ ਅਤੇ ਪਿਸਤੌਲ ਨਾਲ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਦੌਰਾਨ ਰਿਸੈਪਸ਼ਨ ਨੇੜੇ ਖੜ੍ਹੇ ਮੁਲਾਜ਼ਮ ਦਵਿੰਦਰ ਸਿੰਘ ਦੇ ਖੱਬੇ ਮੋਢੇ ’ਤੇ ਗੋਲੀ ਲੱਗ ਗਈ ਤੇ ਉਹ ਗੰਭੀਰ ਜ਼ਖਮੀ ਹੋ ਗਿਆ। ਉਕਤ ਨੌਜਵਾਨਾਂ ਨੇ ਮੁਲਾਜ਼ਮਾਂ ਨਾਲ ਕੁੱਟਮਾਰ ਕੀਤੀ ਤੇ ਰੈਸਟੋਰੈਂਟ ’ਚ ਭੰਨਤੋੜ ਕੀਤੀ। ਵਾਰਦਾਤ ਪਿੱਛੋਂ ਉਹ ਫਰਾਰ ਹੋ ਗਏ। ਜ਼ਖਮੀ ਹੋਏ ਦਵਿੰਦਰ ਸਿੰਘ ਨੂੰ ਦਿਆਨੰਦ ਹਸਪਤਾਲ ਦਾਖਲ ਕਰਾਇਆ ਗਿਆ ਹੈ। ਕੁੱਟਮਾਰ ਵਿੱਚ ਜ਼ਖਮੀ ਬਾਕੀ ਮੁਲਾਜ਼ਮ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਹਨ।

ਥਾਣਾ ਡੇਹਲੋਂ ਦੇ ਇੰਚਾਰਜ ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਪੁਲਸ ਨੇ ਸੰਦੀਪ ਸਿੰਘ ਦੇ ਬਿਆਨਾਂ ’ਤੇ ਮੁਲਜ਼ਮਾਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਸ਼ਹਿਨਾਈ ਵਾਦਕ ਬਿਸਮਿੱਲ੍ਹਾ ਖਾਨ ਦਾ ਘਰ ਢਾਹੁਣ ਦੀ ਕਾਰਵਾਈ ਸਰਕਾਰ ਨੇ ਰੋਕੀ



ਵਾਰਾਨਸੀ, 25 ਅਗਸਤ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਵਾਰਾਨਸੀ ਸ਼ਹਿਰ ਦੀ ਵਿਕਾਸ ਅਥਾਰਟੀ (ਵੀ ਡੀ ਏ) ਨੇ ਦੱਸਿਆ ਹੈ ਕਿ ਸ਼ਹਿਨਾਈ ਵਾਦਕ ਉਸਤਾਦ ਬਿਸਮਿੱਲ੍ਹਾ ਖਾਨ ਦਾ ਘਰ ਢਾਹੁਣ ਦੀ ਕਾਰਵਾਈ ਰੋਕ ਦਿੱਤੀ ਗਈ ਹੈ। ਇਹ ਘਰ ਢਾਹ ਕੇ ਇਥੇ ਵਪਾਰਕ ਕੰਪਲੈਕਸ ਬਣਾਇਆ ਜਾਣਾ ਸੀ।

ਵੀ ਡੀ ਏ ਦੀ ਟੀਮ ਵਿੱਚ ਸ਼ਾਮਲ ਜ਼ੋਨਲ ਅਫਸਰ ਅਤੇ ਜੂਨੀਅਰ ਇੰਜੀਨੀਅਰ ਨੇ ਪਿਛਲੇ ਹਫਤੇ ਹਦਾਹਾ ਸਰਾਏ ਇਲਾਕੇ ਵਿੱਚ ਸ਼ਹਿਨਾਈ ਵਾਦਕ ਦੇ ਘਰ ਦਾ ਦੌਰਾ ਕੀਤਾ ਸੀ। ਖਾਨ ਪਰਿਵਾਰ ਵੱਲੋਂ ਇਹ ਘਰ ਵਪਾਰਕ ਫਾਇਦੇ ਲਈ ਢਾਹਿਆ ਜਾਣਾ ਸੀ। ਬਿਸਮਿੱਲ੍ਹਾ ਖਾਨ ਦੇ ਸ਼ੁਭਚਿੰਤਕਾਂ ਨੇ ਇਸ ਘਰ ਨੂੰ ‘ਕੌਮੀ ਸਭਿਆਚਾਰਕ ਵਿਰਾਸਤ’ ਵਜੋਂ ਸੰਭਾਲਣ ਦੀ ਅਪੀਲ ਕੀਤੀ ਸੀ, ਜਿਸ ਪਿੱਛੋਂ ਘਰ ਢਾਹੁਣ ਦੀ ਕਾਰਵਾਈ ਰੁਕਵਾ ਦਿੱਤੀ ਗਈ ਹੈ। ਵੀ ਡੀ ਏ ਦੀ ਜਾਂਚ ਰਿਪੋਰਟ ਅਨੁਸਾਰ ਘਰ ਦੀ ਦੂਜੀ ਮੰਜ਼ਿਲ ਉੱਤੇ ਇੱਕ ਕਮਰਾ ਬਿਸਮਿੱਲ੍ਹਾ ਖਾਨ ਦੇ ਪੋਤਰੇ ਮੁਹੰਮਦ ਸ਼ਿਫ਼ਤੀਆ ਨੇ ਢਾਹ ਦਿੱਤਾ ਹੈ। ਇਸ ਵੇਲੇ ਸ਼ਿਫ਼ਤੀਆਂ ਇਸ ਘਰ ਵਿੱਚ ਰਹਿ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਪਰਿਵਾਰਕ ਜੀਆਂ ਵਿਚ ਜਾਇਦਾਦ ਦੀ ਵੰਡ ਬਾਰੇ ਵਿਵਾਦ ਹੈ। ਬਿਸਮਿੱਲ੍ਹਾ ਖਾਨ ਦੇ ਪੰਜ ਪੱਤਰ ਸਨ।

ਵੀ ਡੀ ਏ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ, ‘ਇਹ ਨਿੱਜੀ ਜਾਇਦਾਦ ਦਾ ਕੇਸ ਹੈ, ਜਿਸ ਕਾਰਨ ਵੀ ਡੀ ਏ ਦੀ ਟੀਮ ਨੇ ਜ਼ੁਬਾਨੀ ਅਤੇ ਨੋਟਿਸ ਰਾਹੀਂ ਪਰਿਵਾਰ ਨੂੰ, ਜੇ ਘਰ ਖਸਤਾ ਹਾਲਤ ਵਿੱਚ ਹੈ, ਇਸ ਨੂੰ ਢਾਹੁਣ ਲਈ ਨੇਮਾਂ ਅਨੁਸਾਰ ਮਿਊਂਸਪਲ ਕਾਰਪੋਰੇਸ਼ਨ ਤੋਂ ਇਜਾਜ਼ਤ ਲੈਣ ਲਈ ਕਿਹਾ ਹੈ। ਉਨ੍ਹਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਕੋਈ ਵੀ ਨਵੀਂ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਉਸ ਦਾ ਨਕਸ਼ਾ ਵੀ ਡੀ ਏ ਤੋਂ ਪਾਸ ਕਰਵਾਇਆ ਜਾਵੇ।’’

# ਐਤਕੀਂ ਕਰਮਚਾਰੀਆਂ ਦੀ ਤਨਖ਼ਾਹ ਵਿੱਚ ਸਿਰਫ 3.6 ਫੀਸਦੀ ਵਾਧਾ ਹੋਇਆ



ਅਨਵੀਂ ਦਿੱਲੀ, 25 ਅਗਸਤ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਰਮਿਆਨ ਕੰਪਨੀਆਂ ਨੇ ਚਾਲੂ ਵਿੱਤੀ ਸਾਲ 2020-21 ’ਚ ਆਪਣੇ ਮੁਲਾਜ਼ਮਾ ਨੂੰ ਔਸਤ 3.6 ਫੀਸਦੀ ਦਾ ਤਨਖ਼ਾਹ ਵਾਧਾ ਦਿੱਤਾ ਹੈ। ਪਿਛਲੇ ਵਿੱਤੀ ਸਾਲ ਕਰਮਚਾਰੀਆਂ ਦੀ ਤਨਖ਼ਾਹ ਔਸਤ 8.6 ਫੀਸਦੀ ਵਧੀ ਸੀ। ਪ੍ਰਮੁੱਖ ਸਲਾਹਕਾਰ ਕੰਪਨੀ ਡੇਲਾਇਟ ਟਚ ਤੋਹਮਾਤਸੁ ਇੰਡੀਆ ਐਲ ਐਲ ਪੀ ਦੇ ਇੱਕ ਸਰਵੇਖਣ ’ਚ ਇਹ ਤੱਥ ਸਾਹਮਣੇ ਆਇਆ ਹੈ।

ਸਰਵੇ ਮੁਤਾਬਕ ਚਾਲੂ ਵਿੱਤੀ ਸਾਲ ’ਚ ਕਰਮਚਾਰੀਆਂ ਦੇ ਤਨਖ਼ਾਹ ਵਾਧੇ ’ਚ ਦੋ ਚੀਜ਼ਾਂ ‘ਸਮਾਂ’ ਅਤੇ ਕੋਵਿਡ-19 ਦੇ ਪ੍ਰਭਾਵ ਨੇ ਸਭ ਤੋਂ ਅਹਿਮ ਭੂਮਿਕਾ ਨਿਭਾਈ ਹੈ। ਕੱਲ੍ਹ ਜਾਰੀ ਸਰਵੇ ’ਚ ਕਿਹਾ ਗਿਆ ਹੈ ਕਿ ਜਿਨਾਂ ਸੰਗਠਨਾਂ ਨੇ ਮਾਰਚ 2020 ’ਚ ਲਾਕਡਾਊਨ ਸ਼ੁਰੂ ਹੋਣ ਤੋਂ ਪਹਿਲਾਂ ਤਨਖ਼ਾਹ ਵਾਧੇ ਬਾਰੇ ਫ਼ੈਸਲਾ ਕਰ ਲਿਆ ਸੀ, ਉਨ੍ਹਾਂ ਨੇ ਹੋਰ ਕੰਪਨੀਆਂ ਦੀ ਤੁਲਨਾ ’ਚ ਆਪਣੇ ਕਰਮਚਾਰੀਆਂ ਨੂੰ ਵੱਧ ਤਨਖ਼ਾਹ ਵਾਧਾ ਦਿੱਤਾ ਹੈ। ਉਥੇ ਵੱਡੀ ਗਿਣਤੀ ’ਚ ਕੰਪਨੀਆਂ ਦਾ ਮੰਨਣਾ ਹੈ ਕਿ ਕੋਵਿਡ-19 ਕਾਰਨ 2020-21 ’ਚ ਉਨ੍ਹਾਂ ਦੀ ਆਮਦਨ 20 ਫੀਸਦੀ ਤੋਂ ਵੱਧ ਘਟੇਗੀ। ਅਜਿਹੀਆਂ ਕੰਪਨੀਆਂ ਨੇ ਆਪਣੇ ਕਰਮਚਾਰੀਆਂ ਨੂੰ ਘੱਟੋ ਘੱਟ ਤਨਖ਼ਾਹ ਵਾਧਾ ਦਿੱਤਾ ਹੈ। ਕੋਵਿਡ-19 ਦੇ ਪ੍ਰਸਾਰ ਰੋਕਣ ਲਈ 25 ਮਾਰਚ ਨੂੰ ਦੇਸ਼ ’ਚ ਰਾਸ਼ਟਰ ਵਿਆਪੀ ਬੰਦ ਲਾਗੂ ਕੀਤਾ ਗਿਆ ਸੀ। ਮਈ ਦੇ ਅਖੀਰ ’ਚ ਪਾਬੰਦੀਆਂ ’ਚ ਢਿੱਲ ਦਿੱਤੀ ਗਈ ਪਰ ਕੋਰੋਨਾ ਵਾਇਰਸ ਦੇ ਵਧਦੇ ਮਾਮਲਿਆਂ ਕਾਰਨ ਕੁਝ ਸੂਬਿਆਂ ’ਚ ਰੋਕ ਜਾਰੀ ਰਹੀ। ਇਸ ਨਾਲ ਆਰਥਿਕ ਸਰਗਰਮੀਆਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ। ਸਾਲ 2020 ਦਾ ਦੂਜੇ ਪੜਾਅ ਦਾ ਲੇਬਰ ਫੋਰਸ ਅਤੇ ਤਨਖ਼ਾਹ ਵਾਧਾ ਸਰਵੇ ਜੂਨ 2020 ’ਚ ਸ਼ੁਰੂ ਕੀਤਾ ਗਿਆ। ਇਸ ’ਚ 350 ਕੰਪਨੀਆਂ ਨੇ ਹਿੱਸਾ ਲਿਆ। ਸਰਵੇ ਮੁਤਾਬਕ 10 ’ਚੋਂ ਸਿਰਫ ਚਾਰ ਕੰਪਨੀਆਂ ਨੇ 2020 ’ਚ ਕਰਮਚਾਰੀਆਂ ਨੂੰ ਤਨਖ਼ਾਹ ਵਾਧਾ ਦਿੱਤਾ ਹੈ। 33 ਫੀਸਦੀ ਕੰਪਨੀਆਂ ਨੇ ਕਰਮਚਾਰੀਆਂ ਦੀ ਤਨਖ਼ਾਹ ’ਚ ਕੋਈ ਵਾਧਾ ਨਾ ਕਰਨ ਦਾ ਫੈਸਲਾ ਕੀਤਾ ਹੈ। ਉਥੇ ਹੀ ਹੋਰ ਕੰਪਨੀਆਂ ਨੇ ਹਾਲੇ ਇਸ ’ਤੇ ਫ਼ੈਸਲਾ ਨਹੀਂ ਕੀਤਾ ਹੈ।

## ਹਰਿਆਣਾ ਦੇ ਸੀ ਐਮ ਖੱਟਰ ਤੇ ਸਪੀਕਰ ਗਿਆਨ ਚੰਦ ਵੀ ਆਏ ਕੋਰੋਨਾ ਪਾਜ਼ੇਟਿਵ



ਚੰਡੀਗੜ੍ਹ, 25 ਅਗਸਤ (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਲਈ ਹੋਏ ਕੋਰੋਨਾ ਟੈਸਟ ਵਿੱਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਸਪੀਕਰ ਗਿਆਨ ਚੰਦ ਗੁਪਤਾ ਵੀ ਪਾਜ਼ੇਟਿਵ ਪਾਏ ਗਏ ਹਨ।

ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੇਰ ਰਾਤ ਮੇਦਾਂਤਾ ’ਚ ਦਾਖ਼ਲ ਹੋਣ ਲਈ ਚੰਡੀਗੜ੍ਹ ਤੋਂ ਗੁਰੂਗ੍ਰਾਮ ਲਈ ਰਵਾਨਾ ਹੋ ਗਏ ਹਨ। ਸਪੀਕਰ ਗਿਆਨ ਚੰਦ ਗੁਪਤਾ ਨੇ ਖੁਦ ਨੂੰ ਆਪਣੀ ਰਿਹਾਇਸ਼ ’ਤੇ ਏਕਾਂਤਵਾਸ ਕਰ ਲਿਆ ਹੈ। ਇੰਦਰੀ ਤੋਂ ਭਾਜਪਾ ਵਿਧਾਇਕ ਰਾਮ ਕੁਮਾਰ ਅਤੇ ਐਮ ਐਲ ਏ ਹੋਸਟਲ ਦੇ ਤਿੰਨ ਮੁਲਾਜ਼ਮਾਂ ਦੀ ਰਿਪੋਰਟ ਵੀ ਪਾਜ਼ੇਟਿਵ ਆਈ ਹੈ। ਮੁੱਖ ਮੰਤਰੀ ਤਿੰਨ ਦਿਨ ਤੋਂ ਹੋਮ ਕੁਆਰੰਟੀਨ ਸਨ। ਦੱਸਿਆ ਗਿਆ ਕਿ ਕੱਲ੍ਹ ਸਵੇਰ ਤੋਂ ਉਨ੍ਹਾਂ ਨੂੰ ਬੁਖ਼ਾਰ ਸੀ ਤੇ ਅਫਸਰਾਂ ਨਾਲ ਮੀਟਿੰਗ ਤੋਂ ਉਨ੍ਹਾ ਨੇ ਮਨਾ ਕਰ ਦਿੱਤਾ ਸੀ। ਮੁੱਖ ਮੰਤਰੀ ਨੇ ਟਵੀਟ ਰਾਹੀਂ ਕਿਹਾ, ਮੈਂ ਕੋਰੋਨਾ ਟੈਸਟ ਕਰਾਇਆ ਜਿਸ ਦੀ ਰਿਪੋਰਟ ਪਾਜ਼ੇਟਿਵ ਆਈ ਹੈ। ਮੈਂ ਸਹਿਯੋਗੀਆਂ ਤੇ ਹੋਰ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਜੋ ਲੋਕ ਇੱਕ ਹਫ਼ਤੇ ਦੌਰਾਨ ਮੇਰੇ ਸੰਪਰਕ ਵਿੱਚ ਆਏ ਹਨ, ਤੁਰੰਤ ਏਕਾਂਤਵਾਸ ਹੋ ਜਾਣ। ਬੀਤੇ ਦਿਨੀਂ ਦਿੱਲੀ ਤੋਂ ਵਾਪਸ ਆਉਣ ਤੋਂ ਬਾਅਦ ਮੁੱਖ ਮੰਤਰੀ ਦੀਆਂ ਕਈ ਅਫ਼ਸਰਾਂ ਨਾਲ ਮੀਟਿੰਗ ਸੀ।

## ਮੁਲਤਾਨੀ ਨਾਲ ਹਵਾਲਾਤ ਵਿੱਚ ਰਿਹਾ ਬੰਦਾ ਵੀ ਸੁਮੇਧ ਸੈਣੀ ਅੱਗੇ ਡਟਿਆ

ਐਸ ਏ ਐਸ ਨਗਰ, 25 ਅਗਸਤ (ਪੋਸਟ ਬਿਊਰੋ)- ਸਾਲ 1991 ’ਚ ਸਾਬਕਾ ਆਈ ਏ ਐਸ ਅਧਿਕਾਰੀ ਦੇ ਲੜਕੇ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਨ ਅਤੇ ਉਸ ਦੀ ਲਾਸ਼ ਖੁਰਦ-ਬੁਰਦ ਕਰਨ ਦੇ ਦੋਸ਼ਾਂ ਵਿੱਚ ਫਸੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਖ਼ਿਲਾਫ਼ ਇੱਕ ਹੋਰ ਗਵਾਹ ਨਿਕਲ ਪਿਆ ਹੈ।

ਅਦਾਲਤ ’ਚ ਕੱਲ੍ਹ ਰਾਜੇਸ਼ ਰਾਜਾ ਵਾਸੀ ਚੰਡੀਗੜ੍ਹ ਨੇ ਇਸ ਮਾਮਲੇ ’ਚ ਗਵਾਹ ਬਣ ਕੇ ਡਿਊਟੀ ਮੈਜਿਸਟ੍ਰੇਟ ਦੀ ਅਦਾਲਤ ’ਚ ਧਾਰਾ 164 ਹੇਠ ਬਿਆਨ ਦਰਜ ਕਰਵਾਏ ਹਨ। ਰਾਜੇਸ਼ ਰਾਜਾ ਨੇ ਇਨ੍ਹਾਂ ਬਿਆਨਾਂ ’ਚ ਕਿਹਾ ਕਿ 13/14 ਦਸੰਬਰ 1991 ਦੀ ਦਰਮਿਆਨੀ ਰਾਤ ਨੂੰ ਉਹ ਸੁਰਿੰਦਰ ਕੁਮਾਰ ਅਤੇ ਜੱਟਾ ਨਾਲ ਹੋਈ ਛੋਟੀ-ਮੋਟੀ ਲੜਾਈ ਦੇ ਸਬੰਧ ’ਚ ਚੰਡੀਗੜ੍ਹ ਦੇ ਸੈਕਟਰ-22 ਦੀ ਪੁਲਸ ਚੌਕੀ ’ਚ ਬੰਦ ਸੀ। ਇਸ ਤੋਂ ਬਾਅਦ ਥਾਣੇਦਾਰ ਜਗੀਰ ਸਿੰਘ ਨੇ ਉਨ੍ਹਾਂ ਨੂੰ ਸੈਕਟਰ-17 ਚੰਡੀਗੜ੍ਹ ਦੇ ਥਾਣੇ ’ਚ ਭੇਜ ਦਿੱਤਾ। ਜਦੋਂ ਉਹ ਥਾਣੇ ਦੀ ਹਵਾਲਾਤ ’ਚ ਗਏ ਤਾਂ ਉਥੇ ਇੱਕ ਸਿੱਖ ਨੌਜਵਾਨ ਪਿਆ ਸੀ। ਰਾਤ ਦੇ ਕਰੀਬ 10-11 ਵਜੇ ਕੁਝ ਪੁਲਸ ਕਰਮਚਾਰੀ ਆਏ ਤੇ ਉਸ ਨੌਜਵਾਨ ਨੂੰ ਦੂਜੇ ਕਮਰੇ ’ਚ ਲੈ ਗਏ, ਜਿਥੇ ਉਸ ’ਤੇ ਤੱਸ਼ਦਦ ਢਾਹਿਆ ਗਿਆ ਤੇ ਨੌਜਵਾਨ ਦੀਆਂ ਚੀਕਾਂ ਉਨ੍ਹਾਂ ਨੂੰ ਸੁਣਾਈ ਦਿੱਤੀਆਂ। ਕਾਫ਼ੀ ਦੇਰ ਬਾਅਦ ਉਸ ਨੂੰ ਫਿਰ ਹਵਾਲਾਤ ’ਚ ਛੱਡ ਗਏ। ਥੋੜ੍ਹੀ ਦੇਰ ਬਾਅਦ ਪੁਲਸ ਵਾਲੇ ਉਕਤ ਨੌਜਵਾਨ ਨੂੰ ਫਿਰ ਲੈ ਗਏ ਅਤੇ ਫ਼ਿਰ ਉਸ ’ਤੇ ਤੱਸ਼ਦਦ ਢਾਹਿਆ ਅਤੇ ਜਦੋਂ ਉਸ ਨੂੰ ਮੁੜ ਹਵਾਲਾਤ ’ਚ ਛੱਡ ਕੇ ਗਏ ਤਾਂ ਉਹ ਲਹੂ-ਲੁਹਾਨ ਹੋਇਆ ਪਿਆ ਸੀ। ਉਨ੍ਹਾਂ ਉਸ ਨੌਜਵਾਨ ਨੂੰ ਜਦੋਂ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਬਲਵੰਤ ਸਿੰਘ ਮੁਲਤਾਨੀ ਦੱਸਿਆ ਤੇ ਕਿਹਾ ਕਿ ਉਹ ਮੁਹਾਲੀ ਰਹਿੰਦੇ ਉਸ ਦੇ ਪਿਤਾ ਨੂੰ ਦੱਸ ਦੇਣ ਕੇ ਸੁਮੇਧ ਸੈਣੀ ਨੇ ਉਸ ਨੂੰ ਚੁੱਕਿਆ ਹੈ ਅਤੇ ਉਸ ਦੀ ਭੈਣ ਤੇ ਮਾਂ ਨੂੰ ਕਿਸੇ ਹੋਰ ਥਾਂ ਭੇਜ ਦੇਣ, ਕਿਉਂਕਿ ਸੁਮੇਧ ਸੈਣੀ ਉਨ੍ਹਾਂ ਨੂੰ ਵੀ ਚੁੱਕ ਕੇ ਲਿਆਉਣ ਦੀਆਂ ਧਮਕੀਆਂ ਦੇ ਰਿਹਾ ਹੈ। ਇਸ ਦੌਰਾਨ ਪੁਲਸ ਵਾਲੇ ਫਿਰ ਮੁਲਤਾਨੀ ਨੂੰ ਲੈ ਗਏ ਅਤੇ ਜਦੋਂ ਹਵਾਲਾਤ ’ਚ ਵਾਪਸ ਛੱਡਿਆ ਗਿਆ ਤਾਂ ਉਹ ਬੇਹੋਸ਼ ਸੀ। ਰਾਜੇਸ਼ ਰਾਜਾ ਮੁਤਾਬਿਕ ਉਸ ਨੇ 2007-08 ’ਚ ਸੀ ਬੀ ਆਈ ਕੋਲ ਵੀ ਸੁਮੇਧ ਸੈਣੀ ਖ਼ਿਲਾਫ਼ ਆਪਣੇ ਬਿਆਨ ਦਰਜ ਕਰਵਾਏ ਸਨ ਅਤੇ ਸੀ ਬੀ ਆਈ ਨੇ ਆਪਣੀ ਤਫ਼ਤੀਸ਼ ਦੌਰਾਨ ਵੀ ਉਸ ਨੂੰ ਬੁਲਾਇਆ ਸੀ।

## ਦਾਦੂਵਾਲ ਨੇ ਮੁਤਵਾਜ਼ੀ ਜਥੇਦਾਰੀ ਤੋਂ ਅਸਤੀਫਾ ਦੇ ਦਿੱਤਾ



ਤਲਵੰਡੀ ਸਾਬੋ, 25 ਅਗਸਤ (ਪੋਸਟ ਬਿਊਰੋ)- ਹਰਿਆਣਾ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਕੱਲ੍ਹ ਸ਼ੁਕਰਾਨੇ ਵਜੋਂ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਮੱਥਾ ਟੇਕਣ ਆਏ ਤਾਂ ਇਸ ਦੌਰਾਨ ਉਨ੍ਹਾਂ ਨੇ ਮੁਤਵਾਜੀ ਜਥੇਦਾਰੀ ਤੋਂ ਅਸਤੀਫਾ ਦੇ ਕੇ ਸਰਬੱਤ ਖਾਲਸਾ ਨੂੰ ਇਹ ਸੇਵਾ ਕਿਸੇ ਹੋਰ ਸੇਵਾਦਾਰ ਨੂੰ ਸੌਂਪਣ ਦੀ ਅਪੀਲ ਵੀ ਕਰ ਦਿੱਤੀ ਹੈ। ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ 10 ਨਵੰਬਰ 2015 ਨੂੰ ਸ਼ਹੀਦਾਂ ਦੀ ਧਰਤੀ ਚੱਬਾ ਵਿਖੇ ਸਰਬੱਤ ਖਾਲਸਾ ਵਿੱਚ ਸੰਗਤ ਨੇ ਉਨ੍ਹਾਂ ਨੂੰ ਤਖਤ ਦਮਦਮਾ ਸਾਹਿਬ ਦਾ ਜਥੇਦਾਰ ਥਾਪਿਆ ਸੀ। ਪਿਛਲੇ ਹਫਤੇ ਉਨ੍ਹਾਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਹੈ, ਜਿਸ ਕਰ ਕੇ ਉਹ ਤਖਤ ਦਮਦਮਾ ਸਾਹਿਬ ਪ੍ਰਤੀ ਆਪਣੀ ਸੇਵਾ ਅਤੇ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰੱਥ ਹੋਣਗੇ। ਇਸ ਲਈ ਉਨ੍ਹਾਂ ਤਖਤ ਦਮਦਮਾ ਸਾਹਿਬ ਦੀ ਜਥੇਬੰਦੀ ਤੋਂ ਸਰਬੱਤ ਖਾਲਸਾ ਨੂੰ ਅਸਤੀਫਾ ਦੇ ਕੇ ਬੇਨਤੀ ਕੀਤੀ ਹੈ ਕਿ ਇਹ ਸੇਵਾ ਕਿਸੇ ਹੋਰ ਗੁਰਸਿੱਖ ਨੂੰ ਸੌਂਪੀ ਜਾਵੇ। ਦਾਦੂਵਾਲ ਨੇ ਕਿਹਾ ਕਿ ਉਹ ਜਿੱਥੇ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧਾਂ ਵਿੱਚ ਸੁਧਾਰ ਲਈ ਯਤਨ ਕਰਨਗੇ, ਉਥੇ ਪਹਿਲਾਂ ਵਾਂਗ ਦੇਸ਼-ਵਿਦੇਸ਼ ਵਿੱਚ ਨਸ਼ਿਆਂ ਖਿਲਾਫ ਮੁਹਿੰਮ ਤੇ ਸਿੱਖੀ ਦੇ ਪ੍ਰਚਾਰ ਦੀ ਲਹਿਰ ਸ਼ੁਰੂ ਕਰਨਗੇ ਅਤੇ ਹੋਰ ਉਪਰਾਲੇ ਵੀ ਕਰਦੇ ਰਹਿਣਗੇ।

# ਪੰਜਾਬ ਵਿੱਚ ਪੰਜ ਲੱਖ ਵਿਦਿਆਰਥੀਆਂ ਦੀ ਆਨਲਾਈਨ ਪੜ੍ਹਾਈ ਬੰਦ

ਸੰਗਰੂਰ, 25 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਕੋਰੋਨਾ ਮਹਾਂਮਾਰੀ ਕਾਰਨ ਨਿੱਜੀ ਸਕੂਲਾਂ ਦੀਆਂ ਫੀਸਾਂ ਬਾਰੇ ਸ਼ੁਰੂ ਤੋਂ ਸਪੱਸ਼ਟ ਨੀਤੀ ਨਾ ਅਪਣਾਏ ਜਾਣ ਕਾਰਨ ਅਦਾਲਤੀ ਹੁਕਮਾਂ ਦੇ ਬਾਵਜੂਦ ਬਹੁਤੇ ਮਾਪੇ ਆਪਣੇ ਬੱਚਿਆਂ ਦੀਆਂ ਫੀਸਾਂ ਭਰਨ ਤੋਂ ਅਸਮਰੱਥ ਹੋਣ ਕਾਰਨ ਇਨ੍ਹਾਂ ਦੀ ਹਾਲਤ ਦਿਨੋਂ-ਦਿਨ ਪਤਲੀ ਹੁੰਦੀ ਜਾ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਪੰਜਾਬ ’ਚ 9000 ਦੇ ਕਰੀਬ ਇਹ ਨਿੱਜੀ ਸਕੂਲ ਪੰਜਾਬ ਦੇ 23 ਲੱਖ ਦੇ ਕਰੀਬ ਵਿਦਿਆਰਥੀਆਂ ਨੂੰ ਸਿੱਖਿਆ ਦੇ ਰਹੇ ਹਨ। ਕੁਝ ਵੱਡੇ ਸਕੂਲਾਂ ਨੂੰ ਛੱਡ ਕੇ ਬਹੁਤੇ ਸਕੂਲ ਹਮੇਸ਼ਾਂ ਬੈਂਕ ਕਰਜ਼ਿਆਂ ਦੇ ਬੋਝ ਹੇਠ ਰਹਿੰਦੇ ਹਨ। ਕਰੀਬ ਪੰਜ ਮਹੀਨਿਆਂ ਤੋਂ ਆਨਲਾਈਨ ਪੜ੍ਹਾਈ ਜਾਰੀ ਹੈ, ਪਰ ਸਮਰੱਥ ਮਾਪੇ ਵੀ ਫੀਸ ਭਰਨ ਤੋਂ ਇਨਕਾਰੀ ਹਨ। ਇਸ ਸਥਿਤੀ ਬਾਰੇ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਦੇ ਨੁਮਾਇੰਦਿਆਂ ਦਾ ਕਹਿਣਾ ਕਿ ਉਹ ਕਿਸੇ ਵੀ ਸੂਰਤ ਵਿੱਚ ਬੱਚਿਆਂ ਦੀ ਆਨਲਾਈਨ ਪੜ੍ਹਾਈ ਬੰਦ ਕਰਨਾ ਨਹੀਂ ਚਾਹੁੰਦੇ, ਪਰ ਜਿਨਾਂ ਬੱਚਿਆਂ ਦੇ ਮਾਪਿਆਂ ਨੇ ਅਪ੍ਰੈਲ ਤੋਂ ਸਕੂਲ ਨਾਲ ਕੋਈ ਸੰਪਰਕ ਨਹੀਂ ਕੀਤਾ, ਉਨ੍ਹਾਂ ਦੀ ਪੜ੍ਹਾਈ ਬੰਦ ਕਰਨ ਤੋਂ ਸਿਵਾਏ ਸਕੂਲ ਪ੍ਰਬੰਧਕਾਂ ਕੋਲ ਕੋਈ ਰਾਹ ਨਹੀਂ ਬਚਿਆ ਹੈ। ਐਸੋਸੀਏਸ਼ਨ ਦਾ ਕਹਿਣਾ ਕਿ ਇੱਕ ਅੰਦਾਜ਼ੇ ਮੁਤਾਬਿਕ ਨਿੱਜੀ ਸਕੂਲਾਂ ਵਿੱਚ ਪੜ੍ਹਦੇ ਕਰੀਬ ਪੰਜ ਲੱਖ ਵਿਦਿਆਰਥੀਆਂ ਦੀ ਪੜ੍ਹਾਈ ਬੰਦ ਕੀਤੀ ਜਾ ਚੁੱਕੀ ਹੈ। ਇਹ ਸਭ ਕੁਝ ਅਦਾਲਤੀ ਹੁਕਮਾਂ ਅਧੀਨ ਕੀਤਾ ਜਾ ਰਿਹਾ ਹੈ।

## ਤਿੰਨ ਪਿੰਡਾਂ ਵੱਲੋਂ ਕਰੋਨਾ ਟੈਸਟ ਕਰਾਉਣ ਤੋਂ ਨਾਹ

* ਮਨੁੱਖੀ ਅੰਗਾਂ ਦੀ ਸਮੱਗਲਿੰਗ ਦੀ ਅਫਵਾਹ ਤੋਂ ਪ੍ਰਭਾਵਤ



ਸੰਗਰੂਰ, 25 ਅਗਸਤ (ਪੋਸਟ ਬਿਊਰੋ)- ਕੋਰੋਨਾ ਦੀ ਆੜ ਵਿੱਚ ਮਨੁੱਖੀ ਅੰਗਾਂ ਦੀ ਸਮੱਗਲਿੰਗ ਦੀਆਂ ਸੋਸ਼ਲ ਮੀਡੀਆ ’ਤੇ ਫੈਲੀਆਂ ਅਫਵਾਹਾਂ ਤੋਂ ਡਰ ਕੇ ਸੰਗਰੂਰ ਦੇ ਪਿੰਡ ਚੱਠਾ ਨਨਹੇੜਾ ’ਚ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕਰਵਾ ਦਿੱਤੀ ਗਈ ਹੈ ਕਿ ਇਸ ਪਿੰਡ ਦਾ ਕੋਈ ਵਿਅਕਤੀ ਕੋਰੋਨਾ ਟੈਸਟ ਨਹੀਂ ਕਰਵਾਏਗਾ। ਪ੍ਰਸ਼ਾਸਨ ਨੇ ਇਨ੍ਹਾਂ ਨੂੰ ਸਮਝਾ ਕੇ ਸ਼ਾਂਤ ਕੀਤਾ ਹੀ ਸੀ ਕਿ ਦੋ ਹੋਰ ਪਿੰਡਾਂ ਦੇਹ ਕਲਾਂ ਅਤੇ ਫਤਿਹਗੜ੍ਹ ਛੰਨਾ ਦੇ ਲੋਕਾਂ ਨੇ ਕੋਰੋਨਾ ਟੈਸਟ ਕਰਵਾਉਣ ਤੋਂ ਮਨਾਂ ਕਰ ਦਿੱਤਾ ਹੈ। ਤਿੰਨਾਂ ਪਿੰਡਾਂ ’ਚੋਂ ਅੱਜ ਤੱਕ ਚਾਰ ਲੋਕ ਕੋਰੋਨਾ ਪਾਜ਼ੀਟਿਵ ਆ ਚੁੱਕੇ ਹਨ।

ਪਿੰਡ ਚੱਠਾ ਨਨਹੇੜਾ ’ਚ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਜਨਰਲ ਸਕੱਤਰ ਰਣ ਸਿੰਘ ਨੇ 20 ਅਗਸਤ ਨੂੰ ਗੁਰਦੁਆਰਾ ਅਕਾਲਗੜ੍ਹ ਸਾਹਿਬ ਤੋਂ ਐਲਾਨ ਕਰਵਾ ਦਿੱਤਾ ਕਿ ਕੋਰੋਨਾ ਦੀ ਆੜ ’ਚ ਮਨੁੱਖੀ ਅੰਗਾਂ ਦੀ ਸਮੱਗਲਿੰਗ ਹੋ ਰਹੀ ਹੈ। ਸਰਕਾਰੀ ਹਸਪਤਾਲਾਂ ਵਿੱਚ ਪ੍ਰਬੰਧ ਵੀ ਪੂਰੇ ਨਹੀਂ। ਇਸ ਕਾਰਨ ਪਿੰਡ ਦਾ ਕੋਈ ਵਿਅਕਤੀ ਕੋਰੋਨਾ ਦਾ ਟੈਸਟ ਨਹੀਂ ਕਰਵਾਏਗਾ। ਐਤਵਾਰ ਨੂੰ ਸੁਨਾਮ ਦੇ ਤਹਿਸੀਲਦਾਰ ਕੁਲਦੀਪ ਸਿੰਘ, ਥਾਣਾ ਮੁਖੀ ਜੋਗਿੰਦਰ ਸਿੰਘ ਤੇ ਐਸ ਐਮ ਓ ਡਾਕਟਰ ਤੇਜਿੰਦਰ ਸਿੰਘ ਨੇ ਪਿੰਡ ਵਾਲਿਆਂ ਦੀ ਸ਼ੰਕਾ ਦੂਰ ਕੀਤੀ ਤਾਂ ਇਸ ਪਿੱਛੋਂ ਪਿੰਡ ਦੇ ਛੇ ਸੈਂਪਲ ਲਏ ਗਏ। ਪਿੰਡ ਦੀ ਸਰਪੰਚ ਲਾਭ ਕੌਰ ਨੇ ਦੱਸਿਆ ਕਿ 19 ਅਗਸਤ ਨੂੰ ਪਿੰਡ ਦੇ 28 ਸਾਲਾ ਤੇ 52 ਸਾਲਾ ਦੋ ਵਿਅਕਤੀ ਕੋਰੋਨਾ ਪਾਜ਼ੀਟਿਵ ਆਏ ਸਨ। ਇਨ੍ਹਾਂ ਨੂੰ ਸਿਹਤ ਵਿਭਾਗ ਨੇ ਕੋਵਿਡ ਕੇਅਰ ਸੈਂਟਰ ਘਾਬਦਾਂ ਵਿਖੇ ਸ਼ਿਫਟ ਕਰ ਦਿੱਤਾ ਸੀ। ਸਿਵਲ ਸਰਜਨ ਡਾ. ਰਾਜ ਕੁਮਾਰ ਦਾ ਕਹਿਣਾ ਹੈ ਕਿ ਲੋਕ ਅਫਵਾਹਾਂ ਕਾਰਨ ਵਿਰੋਧ ਕਰ ਰਹੇ ਹਨ। ਇਸ ਨਾਲ ਕੋਰੋਨਾ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਦੇ ਲਈ ਜ਼ਰੂਰੀ ਹੈ ਕਿ ਲੋਕ ਟੈਸਟ ਕਰਵਾਉਣ।

## ਕੋਰੋਨਾ ਦੇ ਮਰੀਜ਼ ਕੈਦੀਆਂ ਨੇ ਜੇਲ੍ਹ ਨੂੰ ਸੰਨ੍ਹ ਲਾਈ ਤਾਂ ਪ੍ਰਸ਼ਾਸ਼ਨ ਨੇ ਸ਼ਿਫਟ ਕੀਤੇ ਸਨ

ਲੁਧਿਆਣਾ, 25 ਅਗਸਤ (ਪੋਸਟ ਬਿਊਰੋ)- ਏਥੋਂ ਦੀ ਸੈਂਟਰਲ ਜੇਲ੍ਹ ਦੇ ਕੋਵਿਡ ਕੇਅਰ ਸੈਂਟਰ ’ਚ ਬੰਦ ਹਵਾਲਾਤੀਆਂ ਨੇ ਕੰਧ ’ਚ ਸੰਨ੍ਹ ਲਾ ਕੇ ਫਰਾਰ ਹੋਣ ਦਾ ਯਤਨ ਕੀਤਾ ਸੀ, ਪਰ ਸਮਾਂ ਰਹਿੰਦੇ ਪਤਾ ਲੱਗਣ ’ਤੇ ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਨੂੰ ਦੂਸਰੀਆਂ ਬੈਰਕਾਂ ’ਚ ਸ਼ਿਫਟ ਕਰਨ ਦੇ ਨਾਲ ਮਾਮਲੇ ਨੂੰ ਪੂਰੀ ਤਰ੍ਹਾਂ ਦਬਾ ਦਿੱਤਾ। ਇਸ ਬਾਰੇ ਪੁਲਸ ਨੂੰ ਵੀ ਭਿਣਕ ਨਹੀਂ ਸੀ ਲੱਗਣ ਦਿੱਤੀ ਗਈ। ਡੀ ਜੀ ਪੀ ਜੇਲ੍ਹ ਪੀ ਕੇ ਸਿਨਹਾ ਨੇ ਇਸ ਮਾਮਲੇ ਦੀ ਪੁਸ਼ਟੀ ਕੀਤੀ ਹੈ।

ਡੀ ਜੀ ਪੀ, ਪੀ ਕੇ ਸਿਨਹਾ ਨੇ ਦੱਸਿਆ ਕਿ ਜੇਲ੍ਹ ’ਚੋਂ ਹਵਾਲਾਤੀਆਂ ਨੇ ਭੱਜਣ ਦਾ ਯਤਨ ਕੀਤਾ ਸੀ। ਸ਼ਨੀਵਾਰ ਰਾਤ ਜੇਲ੍ਹ ਮੈਨੇਜਮੈਂਟ ਨੂੰ ਸੂਚਨਾ ਮਿਲੀ ਕਿ ਕੋਵਿਡ ਕੇਅਰ ਸੈਂਟਰ ’ਚ ਬੰਦ ਪੰਜ ਹਵਾਲਾਤੀਆਂ ਨੇ ਕੰਧ ’ਚ ਸੰਨ੍ਹ ਲਾਈ ਹੈ ਤੇ ਰਾਤ ਨੂੰ ਉਹ ਫਰਾਰ ਹੋਣ ਦੀ ਤਾਕ ’ਚ ਹਨ। ਪਤਾ ਲੱਗਦੇ ਸਾਰ ਅਧਿਕਾਰੀਆਂ ਨੇ ਕਾਹਲੀ ਵਿੱਚ ਉਕਤ ਬੈਰਕ ਨੂੰ ਚੈਕ ਕੀਤਾ ਗਿਆ ਤਾਂ ਗੱਲ ਸੱਚੀ ਨਿਕਲੀ। ਉਸ ’ਚ ਬੰਦ ਸਾਰੇ ਹਵਾਲਾਤੀਆਂ ਨੂੰ ਦੂਸਰੀਆਂ ਬੈਰਕਾਂ ਵਿੱਚ ਭੇਜ ਦਿੱਤਾ ਗਿਆ। ਫਿਰ ਐਤਵਾਰ ਨੂੰ ਰਾਜ ਮਿਸਤਰੀ ਬੁਲਾ ਕੇ ਕੰਧ ’ਚ ਲਾਈ ਸੰਨ੍ਹ ਭਰੀ ਗਈ। ਤਾਜਪੁਰ ਚੌਕੀ ਦੇ ਮੁਖੀ ਰਾਜਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜੇਲ੍ਹ ਤੋਂ ਕੋਈ ਸ਼ਿਕਾਇਤ ਨਹੀਂ ਆਈ। ਸੈਂਟਰਲ ਜੇਲ੍ਹ ’ਚ ਬੰਦ ਹਵਾਲਾਤੀਆਂ ਨੂੰ ਕੋਰੋਨਾ ਤੋਂ ਬਚਾਅ ਲਈ ਮਹਿਲਾ ਜੇਲ੍ਹ ਵਿੱਚ ਬਣੇ ਕੋਵਿਡ ਸੈਂਟਰ ’ਚ ਤਬਦੀਲ ਕੀਤਾ ਸੀ, ਜਿੱਥੇ ਹਵਾਲਾਤੀ ਰੱਖੇ ਗਏ ਸਨ। ਡੀ ਜੀ ਪੀ, ਪੀ ਕੇ ਸਿਨਹਾ ਨੇ ਕਿਹਾ ਕਿ ਮਹਿਲਾ ਜੇਲ੍ਹ ਦੀ ਇਹ ਪੁਰਾਣੀ ਇਮਾਰਤ ਹੈ, ਜਿੱਥੇ ਹਵਾਲਾਤੀਆਂ ਨੂੰ ਰੱਖਿਆ ਸੀ। ਉਸ ਬੈਰਕ ਵਿੱਚ ਖਿੜਕੀ ਦਾ ਫਰੇਮ ਕਮਜ਼ੋਰ ਸੀ, ਜਿਸ ਨੂੰ ਹਵਾਲਾਤੀਆਂ ਨੇ ਤੋੜ ਦਿੱਤਾ, ਪਰ ਫਰਾਰ ਹੋਣ ਵਿੱਚ ਕਾਮਯਾਬ ਨਹੀਂ ਹੋ ਸਕੇ।



# ਦੱਖਣੀ ਫਿਲਪੀਨਜ਼ ਵਿੱਚ ਦੋ ਆਤਮਘਾਤੀ ਬੰਬ ਧਮਾਕਿਆਂ ਵਿੱਚ 14 ਮੌਤਾਂ





ਮਨੀਲਾ, 25 ਅਗਸਤ, (ਪੋਸਟ ਬਿਊਰੋ)-ਫਿਲਪੀਨਜ਼ ਦੇ ਦੱਖਣੀ ਇਲਾਕੇ 'ਚ ਕੱਲ੍ਹ ਸ਼ੱਕੀ ਦਹਿਸ਼ਤਗਰਦਾਂ ਵੱਲੋਂ ਕੀਤੇ ਦੋ ਬੰਬ ਧਮਾਕਿਆਂ 'ਚ ਘੱਟੋ-ਘੱਟ 14 ਫੌਜੀ ਅਤੇ ਨਾਗਰਿਕ ਮਾਰੇ ਗਏ ਅਤੇ 75 ਜਣੇ ਜ਼ਖਮੀ ਹੋ ਗਏ। ਇਸਲਾਮਿਕ ਸਟੇਟ ਦੇ ਸਹਿਯੋਗੀ ਬਾਗੀ ਟੋਲੇ ਵੱਲੋਂ ਆਤਮਘਾਤੀ ਹਮਲੇ ਦੀ ਧਮਕੀ ਦੇ ਕਾਰਨ ਕੀਤੇ ਸਖਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਦਹਿਸ਼ਤਗਰਦਾਂ ਵੱਲੋਂ ਇਹ ਧਮਾਕੇ ਕੀਤੇ ਗਏ ਸਨ, ਜਿਨ੍ਹਾਂ ਵਿੱਚ ਏਨੇ ਲੋਕ ਮਾਰੇ ਗਏ।

ਇੱਕ ਅਧਿਕਾਰੀ ਨੇ ਦੱਸਿਆ ਕਿ ਧਮਾਕਿਆਂ ਵਿੱਚ ਘੱਟੋ-ਘੱਟ 75 ਜਣੇ, ਜਿਨਾਂ ਵਿੱਚ ਫੌਜੀ, ਪੁਲਸ ਵਾਲੇ ਅਤੇ ਨਾਗਰਿਕ ਸ਼ਾਮਲ ਹਨ, ਜ਼ਖਮੀ ਵੀ ਹੋਏ ਹਨ। ਰੀਜਨਲ ਮਿਲਟਰੀ ਕਮਾਂਡਰ ਲੈਫਟੀਨੈਂਟ ਜਨਰਲ ਕੋਰਲੈਟੋ ਵਿਨਲੂਅਨ ਨੇ ਦੱਸਿਆ ਕਿ ਕੱਲ੍ਹ ਦੁਪਹਿਰ ਸੁਲੂ ਸੂਬੇ ਦੇ ਜੋਲੋ ਕਸਬੇ ਵਿੱਚ ਫੌਜ ਦੇ ਟਰੱਕਾਂ ਲਾਗੇ ਖੜੇ ਇੱਕ ਮੋਟਰ ਸਾਈਕਲ 'ਚ ਹੋਏ ਪਹਿਲੇ ਬੰਬ ਧਮਾਕੇ 'ਚ ਪੰਜ ਫੌਜੀ ਅਤੇ ਚਾਰ ਆਮ ਨਾਗਰਿਕ ਮਾਰੇ ਗਏ। ਫੌਜ ਦੀ ਰਿਪੋਰਟ ਮੁਤਾਬਕ ਦੂਜਾ ਧਮਾਕਾ ਇੱਕ ਆਤਮਘਾਤੀ ਔਰਤ ਨੇ ਇੱਕ ਘੰਟਾ ਬਾਅਦ ਕੀਤਾ, ਜਿਸ ਵਿੱਚ ਮਨੁੱਖੀ ਬੰਬ ਔਰਤ ਅਤੇ ਇੱਕ ਫੌਜੀ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹੋ ਗਏ। ਇਹ ਧਮਾਕਾ ਰੋਮਨ ਕੈਥੋਲਿਕ ਚਰਚ ਦੀ ਨਿਗਰਾਨੀ ਕਰਦੇ ਸੁੱਰਖਿਆ ਜਵਾਨਾਂ ਦੇ ਨੇੜੇ ਕੀਤਾ ਗਿਆ। ਇਸੇ ਦੌਰਾਨ ਤੀਜਾ ਬੰਬ ਇੱਕ ਜਨਤਕ ਮਾਰਕੀਟ ਵਿੱਚੋਂ ਮਿਲਿਆ।

ਅਜੇ ਤੱਕ ਕਿਸੇ ਨੇ ਇਨ੍ਹਾਂ ਧਮਾਕਿਆਂ ਦੀ ਜ਼ਿੰਮੇਵਾਰੀ ਨਹੀਂ ਲਈ, ਪਰ ਫੌਜ ਦੇ ਅਬੂ ਸਯਾਫ ਦੇ ਇੱਕ ਅੱਤਵਾਦੀ ਕਮਾਂਡਰ ਮੁੰਡੀ ਸਵਾਦਜਾਨ ਨੂੰ ਇਸ ਲਈ ਜ਼ਿੰਮੇਵਾਰ ਦੱਸਿਆ ਹੈ।

## ਕਾਤਲ ਤੇ ਪੀੜਤਾਂ ਦਾ ਆਹਮੋ-ਸਾਹਮਣਾ:

## ਮਸਜਿਦ ਉੱਤੇ ਹਮਲੇ ਵਿੱਚ ਮਾਰੇ ਗਏ ਨੌਜਵਾਨ ਦੀ ਮਾਂ ਨੇ ਕਾਤਲ ਨੂੰ ਮੁਆਫ ਕੀਤਾ



ਵੈਲਿੰਗਟਨ (ਨਿਊਜ਼ੀਲੈਂਡ), 25 ਅਗਸਤ, (ਪੋਸਟ ਬਿਊਰੋ)- ਨਿਊਜ਼ੀਲੈਂਡ ਦੀਆਂ ਦੋ ਮਸਜਿਦਾਂ ਵਿੱਚ 51 ਲੋਕਾਂ ਦਾ ਕਤਲ ਕਰਨ ਵਾਲੇ ਗੋਰੇ ਕੱਟੜਵਾਦੀ ਬੰਦੂਕਧਾਰੀ ਦਾ ਮੰਤਵ ਵਾਰਦਾਤ ਤੋਂ ਪਿੱਛੋਂ ਮਸਜਿਦਾਂ ਨੂੰ ਸਾੜਨਾ ਵੀ ਸੀ।

ਇਸ ਬਾਰੇ ਕੱਲ੍ਹ ਅਦਾਲਤ ਨੂੰ ਜਾਣੂ ਕਰਾਇਆ ਗਿਆ ਹੈ। ਮਾਰਚ 2019 ਵਿੱਚ ਹੋਏ ਹਮਲੇ ਬਾਰੇ ਕ੍ਰਾਈਸਟ ਚਰਚ ਹਾਈ ਕੋਰਟ ਨੂੰ ਇਹ ਜਾਣਕਾਰੀ ਉਕਤ ਸਜ਼ਾ ਬਾਰੇ ਹੋ ਰਹੀ ਸੁਣਵਾਈ ਵੇਲੇ ਜਾਂਚ ਕਰਤਾਵਾਂ ਨੇ ਦਿੱਤੀ ਹੈ। ਜਾਂਚ ਕਰਤਾਵਾਂ ਨੇ ਦੱਸਿਆ ਕਿ ਹਮਲੇ ਵੇਲੇ ਕਾਤਲ ਆਪਣੇ ਨਾਲ ਚਾਰ ਗੈਸ ਕੰਟੇਨਰ ਲਿਆਇਆ ਸੀ। ਉਸ ਨੇ ਖੁਦ ਨੂੰ ਪੁਲਸ ਕੋਲ ਮੰਨਿਆ ਕਿ ਉਹ ਮਸਜਿਦਾਂ ਨੂੰ ਅੱਗ ਲਾਉਣਾ ਚਾਹੁੰਦਾ ਸੀ। ਅਲ ਨੂਰ ਮਸਜਿਦ ਵਿੱਚ ਮਾਰੇ ਗਏ ਨਈਮ ਰਾਸ਼ਿਦ ਦੀ ਬਹਾਦਰੀ ਦਾ ਵਿਸ਼ੇਸ਼ ਤੌਰ 'ਤੇ ਅਦਾਲਤ ਵਿੱਚ ਜ਼ਿਕਰ ਕੀਤਾ ਗਿਆ।

ਵਰਨਣ ਯੋਗ ਹੈ ਕਿ ਦੋਸ਼ੀ ਨੂੰ ਸਜ਼ਾ ਸੁਣਾਉਣ ਲਈ ਇਸ ਚਾਰ ਦਿਨਾਂ ਸੁਣਵਾਈ ਦਾ ਕੱਲ੍ਹ ਪਹਿਲਾ ਦਿਨ ਸੀ। ਇਸ ਮੌਕੇ ਕੱਲ੍ਹ ਕੁਝ ਪੀੜਤ ਪਰਿਵਾਰ ਤੇ ਹਮਲੇ ਵਿੱਚ ਬਚਣ ਵਾਲੇ ਲੋਕ ਪਹਿਲੀ ਵਾਰ ਬੰਦੂਕਧਾਰੀ ਦੇ ਸਾਹਮਣੇ ਹੋਏ। ਮੇਅਸੂਨ ਸਲਮਾ ਨਾਂਅ ਦੀ ਪੀੜਤਾ ਨੇ ਉਸ ਦਾ ਸਾਹਮਣਾ ਕਰਦਿਆਂ ਕਿਹਾ, 'ਤੂੰ ਆਪਣੀ ਮਨੁੱਖਤਾ ਦਾ ਕਤਲ ਕਰ ਦਿੱਤਾ ਹੈ, ਮੈਨੂੰ ਨਹੀਂ ਲੱਗਦਾ ਕਿ ਸੰਸਾਰ ਤੈਨੂੰ ਕਦੇ ਇਸ ਖਤਰਨਾਕ ਅਪਰਾਧ ਲਈ ਮੁਆਫ ਕਰੇਗਾ।' ਸਲਮਾ ਦੇ 33 ਸਾਲਾ ਬੇਟੇ ਦੀ ਇਸ ਹਮਲੇ ਵਿੱਚ ਮੌਤ ਹੋ ਗਈ ਸੀ।

29 ਸਾਲਾ ਆਸਟਰੇਲੀਅਨ ਬੰਦੂਕਧਾਰੀ ਬਰੈਂਟਨ ਹੈਰੀਸਨ ਟਾਰੈਂਟ ਨੇ ਮਾਰਚ ਵਿੱਚ ਜੁਰਮ ਕਬੂਲ ਲਏ ਸਨ। ਉਸ 'ਤੇ ਹੱਤਿਆ ਅਤੇ ਅੱਤਵਾਦ ਦੇ ਦੋਸ਼ ਹਨ। ਨਿਊਜ਼ੀਲੈਂਡ ਦੇ ਇਤਿਹਾਸ ਵਿੱਚ ਦਹਿਸ਼ਤਗਰਦੀ ਦੇ ਲਈ ਇਹ ਪਹਿਲੀ ਸਜ਼ਾ ਹੋਵੇਗੀ। ਉਸ ਨੂੰ ਉਮਰ ਕੈਦ ਦੀ ਸਜ਼ਾ ਹੋਣ ਦੀ ਸੰਭਾਵਨਾ ਹੈ ਜਿਸ ਵਿੱਚ ਪੈਰੋਲ ਨਹੀਂ ਮਿਲ ਸਕੇਗੀ। ਟਾਰੈਂਟ ਨੇ ਸੁਣਵਾਈ ਦੌਰਾਨ ਕਿਸੇ ਵੀ ਤਰ੍ਹਾਂ ਦੇ ਜਜ਼ਬਾਤ ਨਹੀਂ ਪ੍ਰਗਟਾਏ, ਉਹ ਬਸ ਕਮਰੇ ਅਤੇ ਮੌਜੂਦ ਲੋਕਾਂ ਨੂੰ ਦੇਖਦਾ ਰਿਹਾ।

# ਚੁਪਚਾਪ ਇੱਕ ਮਹੀਨੇ ਤੋਂ ਚੀਨ ਕੋਰੋਨਾ ਵੈਕਸੀਨ ਦਾ ਇਸਤੇਮਾਲ ਕਰ ਰਿਹਾ

ਪੇਈਚਿੰਗ, 25 ਅਗਸਤ, (ਪੋਸਟ ਬਿਊਰੋ)-ਕੌਰੋਨਾ ਵਾਇਰਸ ਫੈਲਣ ਦੀ ਜਾਣਕਾਰੀ ਦੁਨੀਆ ਨੂੰ ਦੇਰੀ ਨਾਲ ਦੇਣ ਵਾਲਾ ਚੀਨ ਵੈਕਸੀਨ ਦਾ ਇਸਤੇਮਾਲ ਵੀ ਚੁਪਚਾਪ ਕਰ ਚੁੱਕਾ ਹੈ। ਚੀਨ ਵਿੱਚ ਪਿਛਲੇ ਇੱਕ ਮਹੀਨੇ ਤੋਂ ਕੋਰੋਨਾ ਵੈਕਸੀਨ ਦਾ ਇਸਤੇਮਾਲ ਸ਼ੁਰੂ ਹੋ ਚੁੱਕਾ ਹੈ।

ਚੀਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ ਚੀਨ ਵਿੱਚ ਮੈਡੀਕਲ ਕਾਮਿਆਂ ਅਤੇ ਸਰਹੱਦੀ ਜਾਂਚ ਅਧਿਕਾਰੀਆਂ ਨੂੰ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਕੋਰੋਨਾ ਦਾ ਟੀਕਾ ਲਾਇਆ ਜਾ ਰਿਹਾ ਹੈ। ਸਰਕਾਰੀ ਟੀ ਵੀ ਨੂੰ ਦਿੱਤੇ ਇੰਟਰਵਊ ਵਿੱਚ ਨੈਸ਼ਨਲ ਹੈਲਥ ਕਮਿਸ਼ਨ ਦੇ ਸਾਇੰਸ ਐਂਡ ਟੈਕਨੋਲਾਜੀ ਡਿਵੈਲਪਮੈਂਟ ਸੈਂਟਰ ਦੇ ਡਾਇਰੈਕਟਰ ਝੇਂਗ ਝੋਂਗ ਵੇਈ ਨੇ ਕਿਹਾ ਕਿ ਸਰਕਾਰ ਨੇ 22 ਜੁਲਾਈ ਨੂੰ ਕੋਰੋਨਾ ਵੈਕਸੀਨ ਦੇ 'ਐਮਰਜੰਸੀ ਇਸਤੇਮਾਲ' ਨੂੰ ਮੰਜ਼ੂਰੀ ਦਿੱਤੀ ਸੀ। ਚੀਨੀ ਟੀਕਾ ਪ੍ਰਬੰਧ ਕਾਨੂੰਨ ਐਮਰਜੰਸੀ ਵਿਚ ਵਰਤੋਂ ਦੇ ਤਹਿਤ ਗੈਰ-ਮੰਜ਼ੂਰ ਟੀਕੇ ਨੂੰ ਉਨ੍ਹਾਂ ਲੋਕਾਂ 'ਤੇ ਵਰਤਣ ਦੀ ਪ੍ਰਵਾਨਗੀ ਦਿੰਦਾ ਹੈ, ਜਿਨਾਂ ਦੇ ਇੱਕ ਨਿਸ਼ਚਿਤ ਮਿਆਦ ਵਿੱਚ ਵਾਇਰਸ ਦੇ ਪ੍ਰਭਾਵਸ਼ਾਲੀ ਹੋਣ ਦਾ ਵੱਧ ਖ਼ਤਰਾ ਹੈ। ਇਸ ਅਧਿਕਾਰੀ ਨੇ ਇਹ ਨਹੀਂ ਦੱਸਿਆ ਕਿ ਇੱਕ ਹੀ ਕੋਰੋਨਾ ਟੀਕੇ ਦਾ ਇਸਤੇਮਾਲ ਸ਼ੁਰੂ ਹੋਇਆ ਹੈ ਜਾਂ ਇੱਕ ਤੋਂ ਵੱਧ ਦਾ।

# ਅਮਰੀਕੀ ਪੁਲਸ ਨੇ ਗੈਰ ਗੋਰੇ ਦੀ ਪਿੱਠ ਵਿੱਚ ਸੱਤ ਵਾਰ ਗੋਲੀਆਂ ਮਾਰੀਆਂ

ਵਿਸਕਾਨਸਿਨ, 25 ਅਗਸਤ, (ਪੋਸਟ ਬਿਊਰੋ)- ਵਿਸਕਾਨਸਿਨ ਰਾਜ ਦੇ ਕੇਨੋਸ਼ਾ ਸ਼ਹਿਰ ਵਿੱਚ ਪੁਲਸ ਵੱਲੋਂ ਗੈਰ ਗੋਰੇ ਵਿਅਕਤੀ ਨੂੰ ਗੋਲੀਆਂ ਮਾਰਨ ਦਾ ਮਾਮਲਾ ਸਾਹਮਣੇ ਆਏ ਤੋਂ ਲੋਕਾਂ ਦਾ ਗੁੱਸਾ ਭੜਕ ਪਿਆ ਹੈ। ਇਸ ਘਟਨਾ ਦੇ ਵਿਰੋਧ ਵਿੱਚ ਸੈਂਕੜੇ ਲੋਕ ਸੜਕਾਂ 'ਤੇ ਉਤਰ ਆਏ, ਜਿਨ੍ਹਾਂ ਨੂੰ ਖਿੰਡਾਉਣ ਕਰਨ ਲਈ ਕੱਲ੍ਹ ਸਵੇਰੇ ਪੁਲਸ ਨੂੰ ਅੱਥਰੂ ਗੈਸ ਦੇ ਗੋਲੇ ਛੱਡਣੇ ਪਏ। ਘਟਨਾ ਨਾਲ ਸਬੰਧਤ ਵੀਡੀਓ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਜਾਣ ਪਿੱਛੋਂ ਗਵਰਨਰ ਟੋਨੀ ਏਵਰਸ ਨੇ ਵੀ ਪੁਲਸ ਦੇ ਇਸ ਕਦਮ ਦੀ ਸਖਤ ਨਿੰਦਾ ਕੀਤੀ ਹੈ।

ਇਸ ਘਟਨਾ ਦੀ ਵੀਡੀਓ 'ਚ ਪੁਲਸ ਅਧਿਕਾਰੀ ਗੈਰ ਗੋਰੇ ਵਿਅਕਤੀ ਦੀ ਪਿੱਠ ਵਿੱਚ ਸੱਤ ਗੋਲੀਆਂ ਮਾਰਦੇ ਹੋਏ ਦਿਖਾਈ ਦੇ ਰਹੇ ਹਨ। ਇਸ ਕੇਸ ਦੀ ਜਾਂਚ ਕਰਨ ਵਾਲੇ ਵਿਸਕਾਨਸਿਨ ਡਿਪਾਰਟਮੈਂਟ ਆਫ ਜਸਟਿਸ ਨੇ ਘਟਨਾ ਵਿੱਚ ਸ਼ਾਮਲ ਅਧਿਕਾਰੀ ਨੂੰ ਛੁੱਟੀ 'ਤੇ ਭੇਜ ਦਿੱਤਾ ਹੈ। ਕੇਨੋਸ਼ਾ ਪੁਲਸ ਵਿਭਾਗ ਅਨੁਸਾਰ ਫਾਇਰਿੰਗ ਐਤਵਾਰ ਸ਼ਾਮ ਪੰਜ ਵਜੇ ਓਦੋਂ ਹੋਈ, ਜਦੋਂ ਅਧਿਕਾਰੀ ਕਿਸੇ ਘਰੇਲੂ ਘਟਨਾ ਦੀ ਜਾਂਚ ਕਰ ਰਹੇ ਸਨ। ਪੁਲਸ ਨੇ ਫਾਇਰਿੰਗ ਕਰਨ ਦਾ ਕਾਰਨ ਨਹੀਂ ਦੱਸਿਆ। ਜ਼ਖਮੀ ਗੈਰ ਗੋਰੇ ਜੈਕਬ ਬਲੈਕ ਨੂੰ ਹਸਪਤਾਲ ਭਰਤੀ ਕਰਾਇਆ ਗਿਆ ਹੈ। ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਵੀਡੀਓ ਵਿੱਚ ਸੜਕ ਦੇ ਦੂਜੇ ਪਾਸੇ ਤੋਂ ਫਾਇਰਿੰਗ ਹੁੰਦੀ ਹੋਈ ਦਿਖਾਈ ਦੇ ਰਹੀ ਹੈ। ਵੀਡੀਓ ਵਿੱਚ ਤਿੰਨ ਅਧਿਕਾਰੀ ਨਾ ਸਿਰਫ ਚੀਕਦੇ ਦਿਖਾਈ ਦੇ ਰਹੇ ਹਨ, ਸਗੋਂ ਐਸ ਯੂ ਵੀ ਵਿੱਚ ਬੈਠੇ ਇੱਕ ਵਿਅਕਤੀ ਵੱਲ ਹਥਿਆਰ ਤਾਣ ਕੇ ਖੜ੍ਹੇ ਹਨ। ਡਰਾਈਵਰ ਵਾਲੇ ਪਾਸੇ ਦਾ ਦਰਵਾਜ਼ਾ ਖੋਲ੍ਹਦੇ ਸਾਰ ਉਹ ਵਿਅਕਤੀ ਕਾਰ ਦੇ ਅੰਦਰ ਡਿੱਗ ਜਾਂਦਾ ਹੈ। ਇਸ ਪਿੱਛੋਂ ਇੱਕ ਪੁਲਸ ਅਧਿਕਾਰੀ ਉਸ ਦੀ ਕਮੀਜ਼ ਫੜ ਕੇ ਉਸ ਨੂੰ ਕਾਰ ਦੇ ਅੰਦਰ ਧੱਕਦਾ ਹੈ ਅਤੇ ਫਿਰ ਸੱਤ ਗੋਲੀਆਂ ਉਸ ਦੀ ਪਿੱਠ ਵਿੱਚ ਮਾਰਦਾ ਹੈ। ਵੀਡੀਓ 'ਚ ਘੱਟੋ ਘੱਟ ਸੱਤ ਗੋਲੀਆਂ ਚੱਲਣ ਦੀ ਆਵਾਜ਼ ਸੁਣੀਂਦੀ ਹੈ। ਅਜੇ ਇਹ ਨਹੀਂ ਪਤਾ ਚੱਲਿਆ ਹੈ ਕਿ ਫਾਇਰਿੰਗ ਇੱਕ ਤੋਂ ਵੱਧ ਅਧਿਕਾਰੀਆਂ ਨੇ ਕੀਤੀ ਜਾਂ ਨਹੀਂ।



ਫਾਇਰਿੰਗ ਪਿੱਛੋਂ ਐਤਵਾਰ ਦੇਰ ਰਾਤ ਸੈਂਕੜਿਆਂ ਦੀ ਭੀੜ ਸੜਕਾਂ 'ਤੇ ਉਤਰ ਆਈ, ਜਿਨ੍ਹਾਂ ਨੇ ਰੋਸ ਪ੍ਰਦਰਸ਼ਨ ਕਰਦੇ ਹੋਏ ਪਥਰਾਅ ਕੀਤਾ ਤੇ ਕਈ ਥਾਂਵਾਂ 'ਤੇ ਅੱਗਾਂ ਲਾਈਆਂ। ਪੁਲਸ ਨੇ ਇਨ੍ਹਾਂ ਨੂੰ ਖਦੇੜਨ ਲਈ ਅੱਥਰੂ ਗੈਸ ਦੇ ਗੋਲੇ ਛੱਡੇ। ਇਸ ਦੌਰਾਨ ਕੁਝ ਲੋਕਾਂ ਨੇ 'ਨੋ ਜਸਟਿਸ, ਨੋ ਪੀਸ' ਵਰਗੇ ਨਾਅਰੇ ਵੀ ਲਗਾਏ।

ਅਜੇ ਕੁਝ ਮਹੀਨੇ ਪਹਿਲਾਂ ਇੱਕ ਪੁਲਸ ਮੁਲਾਜ਼ਮ ਹੱਥੋਂ ਗੈਰ ਗੋਰੇ ਦੀ ਮੌਤ ਹੋ ਗਈ ਸੀ। ਇਸ ਕਾਰਵਾਈ ਦੌਰਾਨ ਪੁਲਸ ਵਾਲੇ ਨੇ ਗੈਰ ਗੋਰੇ ਦੀ ਧੌਣ 'ਤੇ ਗੋਡਾ ਰੱਖ ਦਿੱਤਾ ਤੇ ਓਨੀ ਦੇਰ ਤੱਕ ਰੱਖਿਆ। ਜਿੰਨੀ ਦੇਰ ਤੱਕ ਉਸ ਦੀ ਜਾਨ ਨਹੀਂ ਚਲੀ ਗਈ। ਇਸ ਘਟਨਾ ਦੇ ਵਿਰੋਧ 'ਚ ਦੁਨੀਆ ਭਰ 'ਚ ਨਸਲੀ ਵਿਤਕਰੇ ਖਿਲਾਫ ਮੁਜ਼ਾਹਰੇ ਹੋਏ ਸਨ।





FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED
### ਕਾਮਿਆਂ ਦੀ ਲੋੜ
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

### We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

AL EMPLOYMENT SERVICES INC

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage

Kulwinder Chhina
SALES REPRESENTATIVE
647.293.2327
www.Kulwinderchhina.com



## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

## PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ:
416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5'' BBA (Accounting) Canada, Accountant, PR in process. Vegetarians preferred. Contact; gb.bhandal@gmail.com


ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

## UPPAL LAW



AVTAR UPPAL
Manager

### IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

### OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential ▪ Commercial ▪ Industrial
- Hotel • Motel • Exterior
- Interior • Spray Painting
- Office Painting • Drywall Fixing


ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com


ਹਰਜੀਤ ਧਨੋਆ

# ਜਿਵੇਂ ਵਧੇਰੇ ਕਾਰੋਬਾਰ ਅਤੇ ਸੇਵਾਵਾਂ ਮੁੜ ਕੇ ਖੁੱਲਦੀਆਂ ਹਨ, ਸਾਡੇ ਸਾਰਿਆਂ ਲਈ ਇੱਕ ਦੂਸਰੇ ਦੀ ਰੱਖਿਆ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣਾ ਜ਼ਰੂਰੀ ਹੈ।





**ਸਰੀਰਕ ਦੂਰੀ ਰੱਖਣ ਤੇ ਅਮਲ ਕਰਨਾ ਜਾਰੀ ਰੱਖੋ,** ਇਕੱਠਾਂ ਵਿੱਚ ਵੀ ਦੋ ਮੀਟਰ ਦੂਰ ਰਹੋ।



ਜਿਥੇ ਸਰੀਰਕ ਦੂਰੀ ਰੱਖਣਾ ਚੁਣੌਤੀ ਹੋਵੇ ਅਤੇ ਜਿਥੇ ਲੋੜ ਹੋਵੇ, ਓਥੇ **ਚਿਹਰੇ ਨੂੰ ਢਕਣ ਲਈ ਕੋਈ ਕਵਰ ਪਹਿਨੋ।**



ਆਪਣੇ ਹੱਥਾਂ ਨੂੰ **ਬਾਰ-ਬਾਰ ਧੋਣਾ ਜਾਰੀ ਰੱਖੋ।**



ਜੇ ਤੁਸੀਂ ਚਿੰਤਤ ਹੋ ਕਿ ਤੁਹਾਨੂੰ COVID-19 ਹੋਇਆ ਹੋ ਸਕਦਾ ਹੈ, ਜਾਂ ਤੁਹਾਡਾ ਵਾਇਰਸ ਨਾਲ ਸੰਪਰਕ ਹੋਇਆ ਹੋ ਸਕਦਾ ਹੈ ਤਾਂ ਟੈਸਟ ਕਰਵਾਓ।

## ਅੰਦਰ ਜਾਂ ਬਾਹਰ, ਸੁਰੱਖਿਅਤ ਰਹੋ। ਜ਼ਿੰਦਗੀਆਂ ਬਚਾਓ।

**ontario.ca/coronavirus ਦੇਖੋ**

ਓਨਟੈਰੀਓ ਸਰਕਾਰ ਦੁਆਰਾ ਭੁਗਤਾਨ ਕੀਤਾ ਗਿਆ।

Ontario

